ੴ ਸਤਿਗੁਰ ਪ੍ਰਸਾਦਿ

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0517

ਟ੍ਰੈਕਟ ਨੰ: 55

# ਜਗਤ - ਜੂਠ
ਅਤੇ
# ਦੁਖ ਦੀ ਗੱਲ

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ
ਪਟਿਆਲਾ

| ਅਗਸਤ | ਸੰਮਤ ਖਾਲਸਾ | 6 ਸਾਲ ਮਗਰੋਂ |
|---|---|---|
| ੧੯੯੭ | ੨੯੮ | ਤੀਜੀਵਾਰ ੨੫੦੦੦ |

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ

# ਸੂਚਨਾ

1. ਹਰ ਗੁਰਸਿੱਖ ਦੇ ਪੜ੍ਹਨ ਯੋਗ ਪੁਸਤਕ 'ਅੰਮ੍ਰਿਤ ਵੇਲਾ' 11ਵੀਂ ਐਡੀਸ਼ਨ ਵਧੀਆ ਕਾਰਜ਼ ਉੱਤੇ ਛਾਪੀ ਗਈ ਹੈ। ਭੇਟਾ 25/- ਰੁ: ਦੀ ਥਾਂ ਕੇਵਲ 10/- ਰੁ: ਭੇਜ ਕੇ ਮੰਗਵਾਈ ਜਾ ਸਕਦੀ ਹੈ।
2. ਸੋ ਵਧੀਆ ਕਾਗਜ਼ ਉਤੇ ਮੋਟੇ ਅਖਰਾਂ ਵਾਲਾ ਜਪੁਜੀ, ਰਹਿਰਾਸ, ਸੋਹਿਲਾ ਅਤੇ ਅਰਦਾਸ ਦਾ ਗੁਟਕਾ ਸ਼ੁਧ ਉਚਾਰਨ ਸੰਕੇਤਾਂ ਸਹਿਤ 4/-
3. ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਾਪਣ ਵਾਲੇ ਟ੍ਰੈਕਟ ਡਾਕ ਰਾਹੀਂ ਮੰਗਵਾਉਣ ਲਈ ਭੇਟਾ ਸ: ਦੀਦਾਰ ਸਿੰਘ C-129 ਵਿਕਾਸ ਕਾਲੋਨੀ, ਪਟਿਆਲਾ 147 001 ਨੂੰ ਭੇਜ ਕੇ ਮੰਗਵਾ ਸਕਦੇ ਹੋ। ਮਨੀਆਰਡਰ ਕੂਪਨ ਤੇ ਆਪਣਾ ਨਾਂ ਪਤਾ ਜ਼ਰੂਰ ਸਾਫ ਲਿਖੋ।
4. ਦਸਤੀ ਆ ਕੇ ਲੈਣ ਲਈ ਗੁਰਸਿਖ ਫੁਲਵਾੜੀ ਪਬਲਿਕ ਸਕੂਲ, ਗਲੀ ਨੰ: 6, ਗੁਰਬਖਸ਼ ਕਾਲੋਨੀ, ਪਟਿਆਲਾ ਤੋਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤਕ ਦਰਸ਼ਨ ਦੇ ਸਕਦੇ ਹੋ।

ਪ੍ਰਾਰਥਕ :

MATA GUJRI LIBRARY

ਪ੍ਰੇਮ ਭੇਟਾਂ ਵਲੋਂ: G.T.B. GURDWARA
106 EAST PARK ROAD
LEICESTER
TEL: (0116) 276 0517

# ਜਗਤ - ਜੂਠ

ਯੂ.ਪੀ. (ਉੱਤਰ ਪ੍ਰਦੇਸ਼) ਵਿਚ ਹਰਦਵਾਰ ਤੋਂ ਥੋੜ੍ਹੀ ਦੂਰ ਇਕ ਪੁਰਾਣੇ ਸਮੇਂ ਤੋਂ ਵਸਿਆ ਸ਼ਹਿਰ ਪ੍ਰੀਛਤ-ਗੜ੍ਹ ਹੈ। 200 ਸਾਲ ਪਹਿਲਾਂ ਪ੍ਰੀਛਤ-ਗੜ੍ਹ ਦਾ ਰਾਜਾ ਨੈਨ ਸਿੰਘ ਸੀ। ਉਹ ਉਸ ਵੇਲੇ ਦੇ ਪਟਿਆਲੇ ਦੇ ਮਹਾਰਾਜਾ ਸਮੇਤ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਿਆ ਸੀ। ਉਸ ਨੇ ਆਪਣੀ ਫੌਜ ਵਿਚ ਕੁਝ ਸਿੰਘ ਸਿਪਾਹੀ ਵੀ ਭਰਤੀ ਕਰ ਲਏ ਸਨ। ਉਨ੍ਹਾਂ ਫੌਜੀਆਂ ਵਿਚੋਂ ਦੋ ਫੌਜੀ ਸਿੰਘਾਂ ਨੂੰ ਉਨ੍ਹਾਂ ਦੀ ਬਹਾਦਰੀ ਦੇ ਸਿਲਸਿਲੇ ਵਿਚ ਇਨਾਮ ਵਜੋਂ ਕੁਝ ਜ਼ਮੀਨ ਦੇ ਕੇ ਉਥੋਂ ਦੇ ਇਕ ਪਿੰਡ 'ਬਡਲਾ ਸਿੰਘਾਂ' ਵਿਚ ਵਸਾਇਆ ਸੀ।

ਅੱਜ ਉਨ੍ਹਾਂ ਦੇ ਸਿੰਘਾਂ ਦੀ ਸੰਤਾਨ ਵਿਚੋਂ ਲਗਭਗ 200 ਸਿੰਘ ਪਰਵਾਰ ਇਸ ਪਿੰਡ ਅਤੇ ਹੋਰ ਨਾਲ ਦੇ ਪਿੰਡਾਂ ਵਿਚ ਵਸਦੇ ਹਨ। ਇਹ ਲੋਕ ਕੁਝ ਖੇਤੀ-ਬਾੜੀ ਅਤੇ ਕੁਝ ਬਾਹਰਿ ਨੌਕਰੀ ਆਦਿ ਕਰਦੇ ਹਨ। ਪਿੰਡ ਵਿਚ ਪੁਰਾਣੇ ਸਮੇਂ ਤੋਂ ਗੁਰਦੁਆਰਾ ਵੀ ਬਣਿਆ ਹੋਇਆ ਹੈ। ਕਈ ਸਿੰਘ ਇਨ੍ਹਾਂ ਵਿਚੋਂ ਧਰਮ ਦੇ ਬੜੇ ਪੱਕੇ ਅਤੇ ਚੰਗੀ ਸੂਝ-ਬੂਝ ਵਾਲੇ ਵੀ ਹਨ।

ਰਿਵਾਜ ਅਨੁਸਾਰ ਪਿੰਡ 'ਬਢਲਾਂ ਸਿੰਘਾਂ' ਦੀ ਗੁਰਸਿਖ ਬ਼ੀਬੀ ਚਰਨ ਕੌਰ (ਚਰਨੋ) ਦਾ ਵਿਆਹ ਨੇੜੇ ਦੇ ਇਕ ਹੋਰ ਪਿੰਡ 'ਏਤਮਾਦਪੁਰ' ਵਿਚ ਹੋ ਗਿਆ। ਏਤਮਾਦਪੁਰ ਵਿਚ ਚਰਨੋ ਦੀ ਮਾਸੀ ਵੀ ਰਹਿੰਦੀ ਸੀ, ਜਿਸ ਦੀ ਕੋਸ਼ਿਸ਼ ਨਾਲ ਇਹ ਵਿਆਹ ਹੋਇਆ ਸੀ।

ਬੀਬੀ ਚਰਨੋ ਦਾ ਸਹੁਰਾ ਘਰ ਚੰਗੇ ਖਾਂਦੇ-ਪੀਂਦੇ ਸਿਆਣੇ ਅ… ਇਜ਼ਤਦਾਰ ਜੱਟਾਂ ਦਾ ਘਰ ਸੀ। ਪਰ ਉਥੋਂ ਦੇ ਰਿਵਾਜ ਅਨੁਸ…

ਹੁੱਕਾ ਉਸ ਘਰ ਵਿਚ ਵੀ ਚਲਦਾ ਸੀ। ਬੀਬੀ ਚਰਨੋ ਇਕ ਚੰਗੇ ਅਤੇ ਸਿੱਖੀ ਅਸੂਲਾਂ ਦੇ ਪਕੇ ਧਾਰਨੀ ਘਰ ਵਾਲਿਆਂ ਦੀ ਲੜਕੀ ਸੀ। ਉਸ ਨੇ ਸਭ ਤੋਂ ਪਹਿਲਾਂ ਘਰਦਿਆਂ ਦਾ ਹੁੱਕਾ ਚੌਕੇ ਉਤੇ ਚੜ੍ਹਨਾ ਬੰਦ ਕਰ ਦਿੱਤਾ।

ਬੀਬੀ ਦੇ ਸਹੁਰੇ ਨੇ ਬੀਬੀ ਦੇ ਸਿਖੀ ਜਜ਼ਬਾਤਾਂ ਦੀ ਕਦਰ ਕਰਦਿਆਂ ਹੋਇਆਂ ਸਾਰੇ ਪਰਿਵਾਰ ਨੂੰ ਕਹਿ ਦਿਤਾ ਕਿ ਕੋਈ ਵੀ ਆਦਮੀ ਹੁੱਕਾ, ਚਿਲਮ ਜਾਂ ਤੰਬਾਕੂ ਲੈ ਕੇ ਚੌਕੇ ਉਤੇ ਨਾ ਚੜ੍ਹੇ।

ਬੀਬੀ ਚਰਨੋ ਦੀ ਇਸ ਗਲ ਦੀ ਚਰਚਾ ਸਾਰੇ ਪਿੰਡ ਵਿਚ ਫੈਲ ਗਈ। ਟਬਰ, ਬਿਰਾਦਰੀ ਜਾਂ ਆਂਢ ਗੁਆਂਢ ਦਾ ਕੋਈ ਸਜਨ ਜੇ ਇਸ ਘਰ ਵਿਚ ਹੁਕੇ, ਚਿਲਮ ਲਈ ਅੱਗ ਲੈਣ ਜਾਂਦਾ ਤਾਂ ਉਸ ਨੂੰ ਚੌਕੇ ਉਤੇ ਨਾ ਚੜ੍ਹਨ ਦਿਤਾ ਜਾਂਦਾ ਅਤੇ ਪਰੇ ਖੜੋਤੇ ਨੂੰ ਹੀ ਅੱਗ ਦੇ ਦਿਤੀ ਜਾਂਦੀ। ਇਸ ਤਰ੍ਹਾਂ ਇਸ ਘਰ ਵਿਚ ਹੁਕੇ ਦੀ ਵਰਤੋਂ ਨੂੰ ਘਟਾਉਣ ਦਾ ਖਿਆਲ ਵਧਣ ਲਗ ਪਿਆ।

ਇਕ ਦਿਨ ਬਾਹਰ ਚੋਪਾਲ (ਪਰ੍ਹੇ) ਤੇ ਬੈਠਿਆਂ ਕੁਝ ਬੰਦੇ ਚਰਚਾ ਕਰ ਰਹੇ ਸਨ ਕਿ ਫਲਾਨੇ ਚੋਧਰੀ ਦੀ ਨੂੰਹ, ਸਿੰਘਾਂ ਦੀ ਲੜਕੀ ਨੇ ਇਸ ਘਰ ਆਉਂਦਿਆਂ ਹੀ ਹੁਕਾ ਚਿਲਮ, ਚੌਕੇ ਤੇ ਚੜ੍ਹਨਾ ਬੰਦ ਕਰ ਦਿਤਾ ਹੈ। ਚਾਹੇ ਕੋਈ ਬੰਦਾ ਹੋਵੇ, ਹੁੱਕਾ ਜਾਂ ਚਿਲਮ ਲੈ ਕੇ ਉਹਨਾਂ ਦੇ ਚੌਂਕੇ ਤੇ ਨਹੀਂ ਜਾ ਸਕਦਾ।

ਏਸੇ ਥਾਂ ਬੀਬੀ ਚਰਨੋ ਦੀ ਮਾਸੀ ਦਾ ਪੁਤਰ ਜੋ ਇਸੇ ਪਿੰਡ ਦਾ ਰਹਿਣ ਵਾਲਾ ਸੀ, ਬੈਠਾ ਸੀ। ਉਹ ਕਹਿਣ ਲਗਾ ਕਿ ਚਰਨੋ ਮੇਰੀ ਭੈਣ ਹੈ। ਮੈਂ ਉਸਦੇ ਘਰ ਦੇ ਚੁਲੇ ਵਿਚੋਂ ਅੱਗ ਕੱਢ ਕੇ ਲਿਆ ਸਕਦਾ ਹਾਂ, ਮੈਨੂੰ ਉਹ ਨਹੀਂ ਰੋਕੇਗੀ।

ਹੋਰ ਲੋਕ ਕਹਿਣ ਲਗੇ ਕਿ ਉਹ ਤੇਰੀ ਭੈਣ, ਸਿੰਘਾਂ ਦੀ ਲੜਕੀ ਹੈ। ਉਹ ਆਪਣੇ ਧਰਮ ਦੀ, ਬੜੀ ਪੱਕੀ ਹੈ। ਸਿੱਖੀ ਅਸੂਲਾਂ ਦੇ

ਮੁਕਾਬਲੇ ਉਹ ਕਿਸੇ ਸਾਕ-ਅੰਗ ਦੀ ਪਰਵਾਹ ਨਹੀਂ ਕਰਦੀ। ਉਸ ਨੇ ਆਪਣੇ ਪਤੀ ਅਤੇ ਸੌਹਰੇ ਦਾ ਹੁੱਕਾ ਚੌਕੇ ਉਤੇ ਚੜ੍ਹਨਾ ਬੰਦ ਕਰ ਦਿੱਤਾ ਹੈ। ਇਸੇ ਦਾ ਸਦਕਾ ਉਨਾਂ ਨੇ ਵੀ ਤੰਬਾਕੂ ਪੀਣਾ ਘਟ ਕਰ ਦਿੱਤਾ ਹੈ। ਇਸ ਲਈ ਇਸ ਮਾਮਲੇ ਵਿਚ ਉਹ ਤੇਰਾ ਵੀ ਲਿਹਾਜ਼ ਨਹੀਂ ਕਰੇਗੀ।

ਪਰ ਚਰਨੋ ਦੇ ਭਰਾ ਨੂੰ ਪੂਰਾ ਭਰੋਸਾ ਸੀ ਕਿ ਉਸ ਦੀ ਭੈਣ ਉਸ ਨੂੰ ਚੁਲ੍ਹੇ ਤੋਂ ਅੱਗ ਲੈਣ ਤੋਂ ਨਹੀਂ ਰੋਕੇਗੀ। ਜੇ ਉਸ ਮਨ੍ਹਾਂ ਵੀ ਕੀਤਾ ਤਾਂ ਅਗੇ ਹੋ ਕੇ ਉਹ ਆਪ ਅੱਗ ਧਰ ਲਵੇਗਾ। ਇਹ ਗੱਲ ਕਹਿ ਕੇ ਉਹ ਚਿਲਮ ਚੁਕ ਕੇ ਆਪਣੀ ਭੈਣ ਦੇ ਘਰ ਵਲ ਤੁਰ ਪਿਆ।

ਸ਼ਾਮ ਦਾ ਵਕਤ ਸੀ। ਬੀਬੀ ਘਰ ਵਿਚ ਹੀ ਕੁਝ ਕੰਮ-ਕਾਰ ਕਰ ਰਹੀ ਸੀ। ਚੁਲ੍ਹੇ ਉਤੇ ਦਾਲ ਪੱਕ ਰਹੀ ਸੀ। ਬੀਬੀ ਨੇ ਆਪਣੇ ਭਰਾ (ਮਾਸੀ ਦੇ ਪੁਤ) ਨੂੰ ਚਿਲਮ ਲਈ ਆਉਂਦਾ ਵੇਖ ਕੇ ਸਮਝ ਲਿਆ ਕਿ ਅੱਗ ਲੈਣ ਆਇਆ ਹੈ। ਉਸ ਨੇ ਦੂਰੋਂ ਹੀ ਉਚੀ ਆਵਾਜ਼ ਵਿਚ ਆਖਿਆ, ਭਾਈ ਏਥੇ ਖੜਾ ਰਹੁ, ਚੌਕੇ ਤੇ ਨਾ ਚੜ੍ਹੀਂ।

ਭਰਾ ਕਹਿਣ ਲਗਾ, ਨਹੀਂ ਬੀਬੀ ਮੈਂ ਆਪੇ ਅੱਗ ਲੈ ਲੈਂਦਾ ਹਾਂ ਤੂੰ ਆਪਣਾ ਕੰਮ ਕਰੀ ਜਾ। ਗਲ ਕੀ, ਬੀਬੀ ਦੇ ਮਨ੍ਹਾ ਕਰਦਿਆਂ-ਕਰਦਿਆਂ ਉਹ ਚਿਲਮ ਲੈ ਕੇ ਚੌਕੇ ਤੇ ਚੜ ਗਿਆ ਅਤੇ ਅੱਗ ਕੱਢਣ ਲਗ ਪਿਆ।

ਇਹ ਗੱਲ ਵੇਖ ਕੇ ਬੀਬੀ ਚਰਨੋ ਨੂੰ ਬਹੁਤ ਗੁੱਸਾ ਆਇਆ। ਉਸ ਨੇ ਦੌੜ ਕੇ ਅੰਦਰੋਂ ਲਾਠੀ ਕੱਢ ਲਿਆਂਦੀ। ਉਸ ਦਾ ਭਰਾ ਆਪਣੀ ਸਿੰਘਣੀ ਭੈਣ ਦੇ ਗੁਸੇ ਨੂੰ ਸਮਝ ਹੀ ਨਾ ਸਕਿਆ। ਉਸ ਨੂੰ ਸੁਪਨੇ ਵਿਚ ਵੀ ਖਿਆਲ ਨਹੀਂ ਸੀ ਕਿ ਇਉਂ ਵੀ ਹੋ ਸਕਦਾ ਹੈ। ਉਹ ਬੀਬੀ ਨੂੰ ਲਾਠੀ ਲਿਆਉਂਦਿਆਂ ਵੇਖ ਕੇ ਮੁਸਕਰਾ ਰਿਹਾ ਸੀ ਕਿ ਬੀਬੀ ਨੇ ਅਗੇ ਵਧ ਕੇ ਇਕ ਜ਼ੋਰ ਦੀ ਲਾਠੀ ਚਿਲਮ ਉਤੇ

ਮਾਰੀ ਫਿਰ ਦੋ ਲਾਠੀਆਂ ਆਪਣੇ ਭਰਾ ਦੀ ਕਮਰ ਵਿਚ ਟਿਕਾਈਆਂ, ਜਿਨ੍ਹਾਂ ਨੂੰ ਖਾ ਕੇ "ਬੇਬੇ ਇਹ ਕੀ ? ਬੇਬੇ ਇਹ ਕੀ ?" ਕਰਦਾ ਹੋਇਆ ਬਾਹਰ ਦੌੜ ਗਿਆ।

ਬੀਬੀ ਚਰਨੋ ਨੇ ਚਿਲਮ ਨਾਲ ਸਾਰੇ ਚੌਕੇ ਨੂੰ ਅੱਪਵਿਤ੍ਰ ਸਮਝ ਕੇ ਦਾਲ ਵਾਲੀ ਤੌੜੀ (ਹਾਂਡੀ) ਅਤੇ ਪਾਣੀ ਵਾਲੇ ਘੜੇ ਆਦਿ ਸਭ ਤੋੜ ਕੇ ਚੌਕਿਉਂ ਬਾਹਰ ਸੁਟ ਦਿਤੇ। ਸਾਰੇ ਨਵੇਂ ਲਿਆ ਕੇ ਲਗਾਏ।

ਉਸ ਦਾ ਭਰਾ ਲਾਠੀਆਂ ਖਾ ਕੇ ਲੱਕ ਮਲਦਾ ਹੋਇਆ ਬਾਹਰ ਗਿਆ ਤਾਂ ਲੋਕਾਂ ਨੇ ਖੂਬ ਮਖੌਲ ਕੀਤਾ। ਬੀਬੀ ਚਰਨੋਂ ਦੇ ਪੱਕੇ ਸਿਦਕ (ਭਰੋਸੇ) ਅਤੇ ਸਿੱਖੀ ਧਰਮ ਨਾਲ ਪਿਆਰ ਰੱਖਣ ਦਾ ਸਦਕਾ ਉਸ ਦੇ ਘਰ ਵਾਲਿਆਂ ਨੇ ਅਤੇ ਕਈ ਹੋਰ ਲੋਕਾਂ ਨੇ ਹੁਕਾ (ਤੰਬਾਕੂ) ਪੀਣਾ ਹੀ ਛਡ ਦਿੱਤਾ ਅਤੇ ਬੀਬੀ ਦਾ ਸਤਿਕਾਰ ਸਭ ਦੇ ਦਿਲਾਂ ਵਿੱਚ ਵਧ ਗਿਆ।

## ਫ਼ਰਕ

ਇਕ ਪਾਸੇ ਤਾਂ ਉੱਤਰ ਪ੍ਰਦੇਸ਼ ਦੇ ਇਕ ਪਿੰਡ ਦੀ ਸਿੱਖ ਬੀਬੀ ਆਪਣੇ ਧਰਮ ਵਿਚ ਇਤਨੀ ਪਰਪੱਕ ਹੈ ਕਿ ਆਪਣੇ ਚੌਕੇ ਉਤੇ ਚਿਲਮ ਵੀ ਨਹੀਂ ਚੜ੍ਹਨ ਦੇਂਦੀ। ਦੂਜੇ ਪਾਸੇ ਸਾਡੇ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਸੈਂਕੜੇ ਨਹੀਂ, ਹਜ਼ਾਰਾਂ ਐਸੇ ਕੇਸ ਦਾਹੜੀਆਂ ਵਾਲੇ (ਸਿੱਖ ਅਖਵਾਉਣ ਵਾਲੇ) ਹੋ ਗਏ ਹਨ ਜੋ ਖੁੱਲਮ-ਖੁੱਲਾ ਤੰਬਾਕੂ ਦੀ ਵਰਤੋਂ ਕਰ ਰਹੇ ਹਨ।

ਕੋਈ ਬੀੜੀ-ਸਿਰਗਟ ਦੀ ਸ਼ਕਲ ਵਿਚ ਪੀ ਕੇ, ਕੋਈ ਜ਼ਰਦੇ ਆਦਿ ਦੀ ਸ਼ਕਲ ਵਿਚ ਤੰਬਾਕੂ ਖਾ ਕੇ ਸਾਰੀ ਕੌਮ ਨੂੰ ਬਦਨਾਮ ਕਰਨ ਦੀ ਮੂਰਖਤਾ ਭਰੀ ਕੋਸ਼ਿਸ਼ ਕਰ ਰਹੇ ਹਨ।

## ਇਨ੍ਹਾਂ ਨੂੰ ਕੌਣ ਸਮਝਾਏਗਾ ?

ਕਿ ਤੰਬਾਕੂ ਇਕ ਐਸਾ ਘਟੀਆ ਤੇ ਸਸਤਾ ਨਸ਼ਾ ਹੈ ਜਿਸਨੂੰ ਅੱਜ ਸੰਸਾਰ ਪ੍ਰਸਿਧ ਵਿਗਿਆਨੀਆਂ ਦੀ ਸੁਸਾਇਟੀ (Royal Physic Society) ਨੇ ਸਭ ਤੋਂ ਨਖਿਧ ਤੇ ਮਾਰੂ ਅਸਰ ਕਰਨ ਵਾਲਾ ਜ਼ਹਿਰ ਸਿੱਧ ਕੀਤਾ ਹੈ, ਜਿਸ ਨੂੰ 400 ਸਾਲ ਪਹਿਲਾਂ ਗੁਰੂ ਸਾਹਿਬਾਂ ਨੇ ਆਪਣੀ ਦੂਰ ਦ੍ਰਿਸ਼ਟੀ ਨਾਲ ਸਿੱਖਾਂ ਨੂੰ ਇਸ ਤੋਂ ਬਚਾਇਆ।

ਯਾਦ ਰਵੇ ਕਿ ਤੰਬਾਕੂ ਦੀ ਬੂਟੀ ਪੰਦਰਵੀਂ ਸੱਦੀ ਦੇ ਆਖ਼ਰ ਵਿਚ ਅਮਰੀਕਾ ਤੋਂ ਸਪੇਨ ਆਈ। ਫਿਰ ਸਪੇਨ ਤੋਂ ਹੋਰ ਦੇਸ਼ਾਂ ਵਿਚ ਪੁੱਜੀ। ਭਾਰਤ ਵਿਚ ਪੁਰਤਗੇਜ਼ ਪਾਦਰੀਆਂ ਰਾਹੀਂ ਇਹ ਪੁੱਜੀ ਅਤੇ ਜਹਾਂਗੀਰ ਦੇ ਦਰਬਾਰ 'ਚ ਇਸ ਨੂੰ ਪ੍ਰਧਾਨਤਾ ਵੀ ਮਿਲੀ ਪਰ ਛੇਤੀ ਹੀ ਇਸ ਦੇ ਭੈੜੇ ਨਤੀਜਿਆਂ ਦੇ ਪਤਾ ਲੱਗ ਜਾਣ ਕਾਰਨ ਸਰਕਾਰੀ ਹੁਕਮਾਂ ਰਾਹੀਂ ਇਸ ਦੀ ਮਨਾਹੀ ਵੀ ਕੀਤੀ ਗਈ।

## ਹੋਰ ਗੱਲਾਂ ਛੱਡੋ

ਆਪਣੀ ਰਸੋਈ 'ਚ ਜਿਥੇ ਰੋਜ਼ ਅੱਗ ਬਲਦੀ ਹੈ, ਇਕ ਸਫੈਦ ਕਪੜਾ ਟੰਗ ਦਿਓ। ਕੁਝ ਚਿਰ ਮਗਰੋਂ ਤੁਸੀਂ ਵੇਖੋਗੇ ਉਹ ਚਿੱਟਾ ਦੁਧ ਕਪੜਾ ਜਿਥੇ ਧੂੰਏ ਨਾਲ ਧੁੰਆਖਿਆ ਗਿਆ ਹੈ, ਉਥੇ ਕਾਲਾ ਹੋ ਕੇ ਜਰਜਰਾ (ਬੋਦਾ) ਵੀ ਹੋ ਗਿਆ ਹੈ।

ਬਿਲਕੁਲ ਇਸੇ ਤਰ੍ਹਾਂ ਸਿਰਗਟ-ਬੀੜੀ ਪੀਣ ਨਾਲ ਇਸ ਦਾ ਧੂੰਆਂ ਅੰਦਰ ਫੇਫੜਿਆਂ ਨੂੰ ਧੁੰਆਂਖ ਦੇਂਦਾ ਹੈ। ਜਿਸ ਨਾਲ ਮਨੁੱਖ

ਨੂੰ ਕਈ ਬੀਮਾਰੀਆਂ ਲੱਗ ਜਾਂਦੀਆਂ ਹਨ।

ਤੰਮਾਕੂ ਖਾਣ ਵਾਲੇ ਜਾਂ ਤੰਮਾਕੂ ਪੀਣ ਵਾਲੇ ਦੇ ਮੂੰਹ ਵਿਚੋਂ ਭੈੜੀ ਬਦਬੂ ਆਉਂਦੀ ਰਹਿੰਦੀ ਹੈ। ਜਿਸ ਕਰਕੇ ਉਸ ਕੋਲ ਬੈਠਣਾ ਵੀ ਮੁਸ਼ਕਲ ਹੋ ਜਾਂਦਾ ਹੈ।

ਧਰਮੀ ਹਕੀਕਤ ਰਾਇ (ਸ਼ਹੀਦ) ਦੇ ਦਾਦਾ ਭਾ: ਨੰਦ ਲਾਲ ਪੁਰੀ, ਪਿੰਡ ਗੁਲੋਟੀਆਂ ਖੁਰਦ ਵਿਚ ਜਦ ਗੁਰੂ ਹਰਿ ਰਾਇ ਪਾਤਸ਼ਾਹ ਦੇ ਚਰਨ ਸ਼ਰਨ ਆਏ ਤਾਂ ਧਰਮੀ ਹੋਣ ਦੀ ਮੰਗ ਸੁਣ ਕੇ ਗੁਰੂ ਜੀ ਨੇ ਉਸਨੂੰ ਜਿਹੜੀਆਂ ਤਿੰਨ ਗੱਲਾਂ ਕਹੀਆਂ ਸਨ, ਉਨ੍ਹਾਂ ਵਿਚ ਸਭ ਤੋਂ ਪਹਿਲੀ ਗੱਲ ਤੰਬਾਕੂ ਨਾ ਪੀਣ ਦੀ ਕਹੀ ਸੀ, ਦੂਜੀ ਗੱਲ ਕੇਸ ਨਾ ਕਟਾਉਣ ਅਤੇ ਤੀਜੀ ਗੱਲ ਟੋਪੀ ਨਾ ਪਾਉਣ ਦੀ ਮਹਾਰਾਜ ਨੇ ਕਹੀ ਸੀ।

ਗੁਰੂ ਤੇਗ ਬਹਾਦਰ ਜੀ ਨੇ ਮਾਲਵੇ ਦੇ ਦੌਰੇ ਸਮੇਂ ਲੋਕਾਂ ਨੂੰ ਤੰਬਾਕੂ ਬੀਜਣ ਤੋਂ ਮਨ੍ਹਾਂ ਕੀਤਾ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦੂਰ-ਦ੍ਰਿਸ਼ਟੀ ਨੇ ਅਨੁਭਵ ਕਰਦਿਆਂ ਕਿ ਖਾਲਸੇ ਨੂੰ ਨਿਆਰਾ ਅਤੇ ਉਤਮ ਬਣਾਉਣਾ ਹੈ, ਇਸ ਲਈ ਇਸ ਨੂੰ ਕਿਸੇ ਸੰਜਮ ਵਿਚ ਰਖਣਾ ਹੈ। ਤਾਂ ਹੀ ਮਹਾਰਾਜ ਨੇ ਇਸਦੇ ਮਾਰੂ ਅਸਰਾਂ ਨੂੰ ਸਮਝਦਿਆਂ ਹੋਇਆਂ ਹੀ ਸਿੱਖਾਂ ਨੂੰ ਜਗਤ-ਜੂਠ ਤੰਬਾਕੂ ਨਾ ਸੇਵਨ ਦੀ ਸਖਤ ਹਦਾਇਤ ਕੀਤੀ। ਇਸ ਦੀ ਵਰਤੋਂ ਕਰਨ ਵਾਲੇ ਨੂੰ ਪਤਿਤ ਵੀ ਕਿਹਾ ਜਾਂਦਾ ਹੈ ਅਤੇ ਉਹ ਸਿਖੀ ਤੋਂ ਖਾਰਜ ਸਮਝਿਆ ਜਾਂਦਾ ਹੈ।

ਸਾਡਾ ਇਤਿਹਾਸ ਗਵਾਹ ਹੈ ਕਿ ਗੁਰੂ ਪਾਤਸ਼ਾਹ ਦਾ ਘੋੜਾ ਇਕ ਵਾਰ ਚਲਦਾ ਚਲਦਾ ਇਸ ਲਈ ਰੁਕ ਗਿਆ ਸੀ ਕਿਉਂਕਿ ਅੱਗੇ ਤੰਬਾਕੂ ਦਾ ਖੇਤ ਸੀ।

ਇਸ ਦੇ ਮਾਰੂ ਅਸਰਾਂ ਤੋਂ ਹੁਣ 400 ਸਾਲਾਂ ਮਗਰੋਂ ਜਾਣੂ

ਹੋਣ ਵਾਲੇ ਸਾਇਸਦਾਨਾਂ ਦੀ ਖੋਜ ਭਰੇ ਨਤੀਜਿਆਂ ਤੋਂ ਪ੍ਰਭਾਵਤ ਹੋ ਕੇ ਹੀ ਰੂਸ ਅਮਰੀਕਾ ਤੇ ਹੋਰ ਬਹੁਤ ਸਾਰੇ ਦੇਸ਼ਾਂ ਨੇ ਇਨ੍ਹਾਂ ਨੂੰ ਜਿਥੇ ਸੁੰਦਰ ਤੇ ਦਿਲਖਿਚਵੀਆਂ ਡੱਬੀਆਂ ਵਿਚ ਵੇਚਣਾ ਬੰਦ ਕੀਤਾ ਹੋਇਆ ਹੈ, ਉੱਥੇ ਇਨ੍ਹਾਂ ਉਪਰ ਜ਼ਹਿਰੀਲਾ ਮਾਦਾ, ਸਿਹਤ ਲਈ ਹਾਨੀਕਾਰਕ, ਇਸ ਦੇ ਪੀਣ ਨਾਲ ਮੌਤ ਹੋ ਸਕਦੀ ਹੈ, ਆਦਿ ਲਿਖਵਾਉਣਾ ਸ਼ੁਰੂ ਕੀਤਾ ਹੋਇਆ ਹੈ।

ਮਿਸਰ ਵਿਚ ਸਿਗਰਟ ਬੀੜੀ ਨਾ ਪੀਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਦੂਜਿਆਂ ਨਾਲੋਂ ਇਕ ਹ.ਫਤਾ ਵੱਧ ਛੁਟੀ ਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਰ ਦੇਸ਼ਾਂ ਵਿਚ ਵੀ ਇਸ ਜਗਤ-ਜੂਠ ਤੋਂ ਬਚਣ-ਬਚਾਉਣ ਦੇ ਕਈ ਉਪਰਾਲੇ ਹੋ ਰਹੇ ਹਨ।

ਪਰ ਸਾਡੇ ਦੇਸ਼ ਵਾਸੀਆਂ ਦਾ ਕੀ ਹਾਲ ਹੋਏਗਾ, ਜਿਥੇ ਹਰ ਸਾਲ ਕਰੋੜਾਂ ਰੁਪਏ ਖਰਚ ਕੇ ਇਸ ਨੂੰ ਵੱਧ ਤੋਂ ਵੱਧ ਪੀਣ ਲਈ ਪ੍ਰਚਾਰ, ਇਸ਼ਤਿਹਾਰਾਂ, ਕੈਲੰਡਰਾਂ ਤੇ ਸਿਨੇਮਾ ਸਲਾਈਡਾਂ ਰਾਹੀਂ ਕੀਤਾ ਜਾਂਦਾ ਹੈ।

ਇਸ ਦੇ ਉਲਟ ਕੇਵਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਿੰਘ ਹੀ ਹਨ ਜੋ ਇਸ ਮਾਰੂ ਰੋਗ ਤੋਂ ਆਪ ਵੀ ਬਚੇ ਹੋਏ ਹਨ ਤੇ ਆਪਣੇ ਬੱਚਿਆਂ ਨੂੰ ਵੀ ਬਚਾਉਂਦੇ ਹਨ।

ਜ਼ਰਾ ਵੀਚਾਰੀਏ ! ਅਸੀਂ ਸਿੱਖ ਅਖਵਾਉਣ ਵਾਲੇ ਜਾਂ ਸਾਡੀਆਂ ਸਿੰਘ ਸਭਾਵਾਂ ਤੇ ਹੋਰ ਸਿੱਖ ਜਥੇਬੰਦੀਆਂ ਜਾਂ ਸੁਸਾਇਟੀਆਂ ਆਪਣੇ ਅਨਪੜ੍ਹ ਜਾਂ ਘਟ ਪੜ੍ਹੇ-ਲਿਖੇ ਪੇਂਡੂ ਵੀਰਾਂ ਨੂੰ ਇਸ ਤੰਬਾਕੂ ਤੋਂ ਬਚਾਉਣ ਲਈ ਹਰ ਸਾਲ ਕੀ ਖਰਚ ਕਰਦੇ ਹਨ? ਕਿੰਨਾ ਪ੍ਰਚਾਰ ਕਰਦੇ ਹਨ ?...ਕੁਝ ਨਹੀਂ। ਇਸ ਪ੍ਰਚਾਰ ਦੀ ਘਾਟ ਕਰਕੇ ਹੀ ਲੋਕੀ ਇਨਾਂ ਨਸ਼ਿਆਂ ਵਿੱਚ ਪਰਵਿਰਤ ਹੋ ਰਹੇ ਹਨ।

# ਮਹਾਤਮਾਂ ਗਾਂਧੀ

ਮਹਾਤਮਾਂ ਗਾਂਧੀ ਨੇ ਤੰਬਾਕੂ ਪੀਣ ਨੂੰ ਸਭ ਤੋਂ ਗ਼ਲੀਜ਼ (ਗੰਦਾ) ਸਿਹਤ ਮਾਰੂ, ਸਮਾਜ ਵਿਰੋਧੀ ਅਤੇ ਭੈੜੀ ਵਾਦੀ ਕਿਹਾ ਹੈ।

ਇਸ ਨਸ਼ੇ ਤੋਂ ਬੱਚਣ ਲਈ ਜਦ ਕਿਸੇ ਨੇ ਮਹਾਤਮਾਂ ਗਾਂਧੀ ਤੋਂ ਪੁਛਿਆ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਵਰਗੀ ਹੀ ਕੋਈ ਮਹਾਨ ਸ਼ਖਸ਼ੀਅਤ ਸਿੱਖਾਂ ਦੀ ਤਰਾਂ ਹੋਰ ਭਾਰਤੀਆਂ ਨੂੰ ਇਸ ਚੰਦਰੇ ਰੋਗ ਤੋਂ ਬਚਾ ਸਕਦੀ ਹੈ।

ਆਰੀਆ-ਸਮਾਜ ਦੇ ਨੇਤਾ ਸੁਆਮੀ ਦਯਾ ਨੰਦ ਜੀ ਨੇ ਆਪਣੇ ਅੰਤ ਸਮੇਂ ਨਿਕਟ ਵਰਤੀਆਂ ਨੂੰ ਪੱਕਾ ਕਰ ਦਿਤਾ ਸੀ ਕਿ ਮੇਰਾ ਅੰਤਮ ਸੰਸਕਾਰ ਜਿਥੇ ਵੇਦ ਰੀਤੀ ਨਾਲ ਕਰਨਾ ਹੈ, ਉਥੇ ਮੇਰੇ ਸਰੀਰ ਨੂੰ ਕੋਈ ਐਸਾ ਮਨੁੱਖ ਹੱਥ ਨਾ ਲਾਏ ਜਿਸ ਨੇ ਕਦੀ ਵੀ ਤੰਬਾਕੂ ਸੇਵਨ ਕੀਤਾ ਹੋਵੇ।

ਸੋ ਉਸ ਸਮੇਂ ਅਜਮੇਰ ਸ਼ਹਿਰ ਵਿਚ, ਜਿਥੇ ਸੁਆਮੀ ਜੀ ਗੁਜ਼ਰੇ ਸਨ, ਤੰਬਾਕੂ ਦੀ ਕਦੇ ਵੀ ਵਰਤੋਂ ਨਾ ਕਰਨ ਵਾਲੇ ਭਰੋਸੇ ਯੋਗ ਹਿੰਦੂਆਂ ਦਾ ਨਾਂਹ ਪਤਾ ਹੋਣ ਕਾਰਨ ਮੁੱਖੀ ਆਰੀਆ ਸਮਾਜੀਆਂ ਨੇ ਸਿੱਖਾਂ ਨੂੰ ਹੀ ਸੁਆਮੀ ਜੀ ਦੀ ਦੇਹ ਦਾ ਇਸ਼ਨਾਨ ਅਤੇ ਅੰਤਮ ਸੰਸਕਾਰ ਸਮੇਂ ਅਰਥੀ ਚੁੱਕ ਕੇ ਲਿਜਾਣ ਲਈ ਕਿਹਾ ਸੀ ਤੇ ਉਨ੍ਹਾਂ ਨੇ ਇਹ ਸੇਵਾ ਕੀਤੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਦਰਬਾਰ ਵਿਚ 52 ਕਵੀਆਂ ਵਿਚੋਂ ਇਕ ਕਵੀ ਸੈਨਾਪਤੀ ਦੀਆਂ ਕੁਝ ਪੰਗਤੀਆਂ ਲਿਖ ਕੇ ਗਲ ਖਤਮ ਕੀਤੀ ਜਾਂਦੀ ਹੈ।

ਯਾਦ ਰਹੇ ਕਿ ਇਸ ਦਰਬਾਰੀ ਕਵੀ ਨੇ ਖਾਲਸਾ ਪ੍ਰਗਟ ਹੋਣ

ਦਾ ਸਾਰਾ ਦ੍ਰਿਸ਼ ਆਪਣੀਆਂ ਅੱਖਾਂ ਸਾਹਮਣੇ ਵੇਖਿਆ ਸੀ। ਉਹ ਲਿਖਦਾ ਹੈ ਕਿ ਖਾਲਸਾ ਪ੍ਰਗਟਾਉਣ ਸਮੇਂ ਮਹਾਰਾਜ ਨੇ ਆਪਣੇ ਸਿੱਖਾਂ ਨੂੰ ਸਮਝਾਉਂਦਿਆਂ ਇਸ ਤਰ੍ਹਾਂ ਕਿਹਾ :-

*ਕੀਏ ਜਦਿ ਬਚਨਿ ਸਤਿਗੁਰੂ ਕਾਰਨ ਕਰਨ,*
*ਸਰਬ ਸੰਗਤਿ ਆਦਿ ਅੰਤ ਮੇਰਾ ਖਾਲਸਾ।*
*ਮਾਨੇਗਾ ਹੁਕਮ, ਸੋ ਤੋ ਹੋਵੇਗਾ ਸਿੱਖ ਸਹੀ,*
*ਨਾ ਮਾਨੇਗਾ ਹੁਕਮ, ਸੋ ਤੋ ਹੋਵੇਗਾ ਬਿਹਾਲਸਾ।*
*ਹੁੱਕਾ ਨਾ ਪੀਵੇ, ਸੀਸ ਦਾੜ੍ਹੀ ਨਾ ਮੁੰਡਾਵੇ,*
*ਸੋ ਤੋ ਵਾਹਿਗੁਰੂ ਵਾਹਿਗੁਰੂ, ਗੁਰੂ ਜੀ ਕਾ ਖਾਲਸਾ।*

ਗੁਰੂ ਮਹਾਰਾਜ ਦੇ ਆਪਣੇ ਸਿੱਖਾਂ ਪ੍ਰਤੀ ਇਹ ਹੁਕਮ ਪੜ੍ਹ ਕੇ ਕਿਸੇ ਹੋਰ ਦਲੀਲ ਦੇਣ ਦੀ ਲੋੜ ਹੀ ਨਹੀਂ ਰਹਿੰਦੀ ਕਿ ਸਿੱਖ ਨੇ ਕੇਸ ਦਾੜ੍ਹੀ ਨਹੀਂ ਮੁੰਨਣੀ ਤਾਂ ਕਿਉਂ ਨਹੀ ਮੁੰਨਣੀ। ਅਤੇ ਤੰਬਾਕੂ ਨਹੀਂ ਵਰਤਨਾ ਤਾਂ ਕਿਉਂ ਨਹੀਂ ਵਰਤਨਾ।

ਇਹ ਤਾਂ ਸਾਡੇ ਗੁਰੂ ਜੀ ਦਾ ਹੁਕਮ ਹੈ। ਬਸ। ਗੁਰੂ ਦਾ ਹੁਕਮ ਮੰਨਣਾ ਹਰ ਇਕ ਗੁਰੂ ਦੇ ਸਿੱਖ ਦਾ ਫ਼ਰਜ਼ ਹੈ। ਉਸ ਦਾ ਧਰਮ ਹੈ। ਪ੍ਰਸ਼ਨ ਉੱਤਰ ਭਾਂ: ਨੰਦ ਲਾਲ ਜੀ ਵਿਚੋਂ :-

*ਕੁੱਠਾ ਹੁੱਕਾ ਚਰਚ ਤਮਾਕੂ*
*ਗਾਂਜਾ ਟੋਪੀ ਤਾੜੀ¹ ਖਾਕੂ³*
*ਇਨ ਕੀ ਓਰ ਨ ਕਬਹੂੰ ਦੇਖੈ*
*ਰਹਿਤਵਾਨ ਸੋ ਸਿੰਘ ਵਿਸੇਖੈ ॥*

1. ਚਿਲਮ
2. ਤਾੜ ਦੀ ਸ਼ਰਾਬ
3. ਹਫੀਮ ਦਾ ਧੂਆਂ ਤੰਬਾਕੂ ਨਾ ਪੀਣਾ

# ਦੁੱਖ ਦੀ ਗੱਲ

ਕਿਤਨੇ ਦੁੱਖ ਦੀ ਗਲ ਹੈ ਕਿ ਸਿੱਖ ਕੌਮ ਨੂੰ ਬਣਾਉਣ, ਸੰਵਾਰਨ ਤੇ ਮੁਕੰਮਲ ਕਰਨ ਵਿਚ ਮਤਵਾਤਰ 240 ਸਾਲ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ) ਦਾ ਸਮਾਂ ਲਗਾ ਹੋਵੇ ਅਤੇ ਜਿਸ ਦੀ ਉਸਾਰੀ ਵਿਚ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਖ਼ੂਨ ਹੀ ਨਾ ਡੁਲਿਆ ਹੋਵੇ, ਸਗੋਂ ਚਾਰ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਅਤੇ ਲੱਖਾਂ ਹੀ ਸਿੰਘ ਸਿੰਘਣੀਆਂ ਬਚਿਆਂ ਦੀ ਕੁਰਬਾਨੀ ਇਸ ਨੂੰ ਸੰਪੂਰਨਤਾ ਨਾਲ ਸ਼ਿਖਰ ਉਤੇ ਪੁਜਨ ਅਤੇ ਸੰਵਾਰਨ ਵਿਚ ਸਹਾਇਕ ਹੋਈ ਹੋਵੇ। ਜੇ ਇਸ ਕੌਮ ਦੇ ਹਜ਼ਾਰਾਂ ਨਹੀਂ ਸਗੋਂ ਲੱਖਾਂ ਬੰਦਿਆਂ ਨੂੰ ਜੇ ਇਕ ਐਸੀ ਚੰਦਰੀ ਬੀਮਾਰੀ ਲਗ ਜਾਏ, ਜਿਸ ਨੇ ਲੱਖਾਂ ਨੂੰ ਬਰਬਾਦ ਕੀਤਾ ਹੈ ਅਤੇ ਲੱਖਾਂ ਨੂੰ ਹੀ ਬਰਬਾਦ ਕਰ ਰਹੀ ਹੈ, ਤਾਂ ਦਸੋ! ਦੁੱਖ ਹੁੰਦਾ ਹੈ ਕਿ ਨਹੀਂ ?

ਸਾਡੀ ਕੌਮ ਨੂੰ ਗੁਰੂ ਸਾਹਿਬਾਂ ਨੇ ਰਬੀ ਗੁਣ ਬਖਸ਼ੇ ਹਨ। ਸਾਨੂੰ ਇਕ ਨਮੂਨੇ ਵਾਲਾ ਜੀਵਨ ਜੀਉਣ ਦੀ ਜਾਂਚ ਹੀ ਨਹੀਂ ਦਸੀ, ਸਗੋਂ ਆਉਣ ਵਾਲੇ ਸਮੇਂ ਵਿਚ ਵੀ ਇੱਕ ਆਦਰਸ਼ਕ ਜੀਵਨ ਜੀਉਣ ਲਈ ਜੋ ਸੇਧਾਂ ਜ਼ਰੂਰੀ ਸਨ, ਉਨ੍ਹਾਂ ਦਾ ਵਰਣਨ ਕੀਤਾ ਤਾਂ ਜੁ ਕੌਮ ਵਿਚ ਮਗਰੋਂ ਕਿਸੇ ਕਿਸਮ ਦਾ ਭੁਲੇਖਾ ਜਾਂ ਵਹਿਮ ਨਾ ਰਹਿ ਜਾਏ।

ਕਹਿਣ-ਕਹਾਉਣ ਨੂੰ ਤਾਂ ਅਸੀਂ ਸਾਰੇ ਗੁਰੂ ਕੇ ਸਿੱਖ ਹੀ ਅਖਵਾਉਂਦੇ ਹਾਂ ਪਰ ਜਦ ਗੁਰੂ ਸਾਹਿਬ ਦੇ ਦਰਸਾਏ ਹੋਏ ਅਸੂਲਾਂ (ਹੁਕਮਾਂ) ਅਨੁਸਾਰ ਆਪਣੇ ਜੀਵਨ ਵਲ ਝਾਤ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਅਸੀਂ ਕਿਤਨੇ ਕੁ ਸੱਚੇ ਸਿਖ ਹਾਂ ਜਾਂ ਕਿਤਨੇ ਕੁ ਕਚੇ ਹਾਂ।

# ਚੰਦਰੀ ਬੀਮਾਰੀ ਦੀ ਗੱਲ

ਗੱਲ ਚੰਦਰੀ ਬੀਮਾਰੀ ਚਲ ਰਹੀ ਹੈ। ਇਹ ਚੰਦਰੀ ਬੀਮਾਰੀ ਸ਼ਰਾਬ ਪੀਣ ਦੀ ਐਸੀ ਹੈ ਜਿਸ ਨੇ ਹਜ਼ਾਰਾਂ ਨਹੀਂ ਸਗੋਂ ਲਖਾਂ ਘਰਾਂ ਨੂੰ ਤਬਾਹ ਕੀਤਾ। ਇਸ ਦੀ ਵਰਤੋਂ ਕਰਨ ਨਾਲ ਲੱਖਾਂ ਜੀਵਨ ਬਰਬਾਦ ਹੋਏ ਅਤੇ ਲੱਖਾਂ ਹੀ ਹੋ ਰਹੇ ਹਨ। ਪਰ ਫਿਰ ਵੀ ਬੱਚਿਆਂ ਤੋਂ ਲੈ ਕੇ ਬੁਢਿਆਂ ਤਕ ਇਸਦੇ ਪਿਆਕ ਬਣਦੇ ਹੀ ਜਾ ਰਹੇ ਹਨ। ਬਣਨ ਵੀ ਕਿਉਂ ਨਾ, ਜਦ ਕਿ ਪੁਤਰ ਜੰਮੇ, ਧੀ ਜੰਮੇ ਜਾਂ ਹੋਰ ਕੋਈ ਕਾਰਜ ਹੋਵੇ, ਸ਼ਰਾਬ ਤੋਂ ਬਗੈਰ ਦੂਜੀ ਗਲ ਹੀ ਨਹੀਂ ਹੁੰਦੀ।

ਵਿਆਹ ਸ਼ਾਦੀਆਂ ਦੀ ਤਾਂ ਗਲ ਹੀ ਛੱਡੋ ਕਿ ਕਿਸ ਤਰ੍ਹਾਂ ਕਈ ਵਾਰ ਸਾਰੀ ਦੀ ਸਾਰੀ ਬਰਾਤ ਦਰਜਨਾਂ ਬੋਤਲਾਂ ਚੜ੍ਹਾ ਕੇ ਆਪੇ ਤੋਂ ਬਾਹਰ ਹੋਈ ਹੋਈ, ਜੋ ਜੋ ਕਾਰੇ ਕਰਦੀ ਹੈ, ਸਾਰੇ ਜਾਣਦੇ ਹੀ ਹਨ।

ਘਰ ਆਏ ਮਹਿਮਾਨ ਦੀ ਪ੍ਰਾਹੁਣਾਚਾਰੀ ਜਦ ਸ਼ਰਾਬ ਤੋਂ ਬਗੈਰ ਹੋਰ ਕਿਸੇ ਚੀਜ ਨਾਲ ਕਰਨੀ ਹੀ ਠੀਕ ਨਾ ਸਮਝੀ ਜਾਣ ਲਗੇ ਤਾਂ ਦਸੋ ! ਘਰ ਵਾਲੇ ਬੱਚਿਆਂ ਨੇ ਇਸ ਤਰ੍ਹਾਂ ਦੇ ਰੋਜ਼ ਸ਼ਰਾਬ ਪੀਣ-ਪੀਆਉਣ ਦੇ 'ਕੌਤਕ' ਦੇਖ ਕੇ ਕੀ ਅਸਰ ਕਬੂਲਣਾ ਹੈ ? ਨਤੀਜਾ ਇਹ ਨਿਕਲ ਰਿਹਾ ਹੈ ਕਿ ਬਚਿਆਂ ਸਣੇ, ਕੌਮ ਅੱਧੀ ਤੋਂ ਵੱਧ ਸ਼ਰਾਬ ਪੀਣ ਵਾਲੀ ਬਣ ਗਈ ਹੈ ਅਤੇ ਹੋਰ ਬਣਦੀ ਜਾ ਰਹੀ ਹੈ।

ਇਸੇ ਕਰਕੇ ਸਾਡੇ ਜੁਆਨਾਂ ਦਾ ਤੇਜ਼-ਬਲ ਜਿਥੇ ਦਿਨੋ ਦਿਨ ਘਟਦਾ ਜਾ ਰਿਹਾ ਹੈ ਉਥੇ ਇਸ ਸ਼ਰਾਬ ਅਤੇ ਹੋਰ ਆਚਰਨਕ ਗਿਰਾਵਟ ਨੂੰ ਸ਼ਹਿ ਦੇਣ ਵਾਲੇ ਸਿਨੇਮਾ, ਰੇਡੀਓ, ਟੈਲੀਵੀਜ਼ਨ ਆਦਿ ਐਸੇ ਸਾਧਨ ਨਾਲ ਮਿਲ ਗਏ ਹਨ ਜਿਸ ਦਾ ਸਦਕਾ ਦਿਨੋ ਦਿਨ ਸਾਡੇ ਜਵਾਨਾਂ ਦਾ ਆਚਰਨ ਗਿਰਦਾ ਹੀ ਜਾ ਰਿਹਾ ਹੈ।

# ਗੁਰੂ ਸਾਹਿਬ ਦੇ ਹੁਕਮ

ਗੁਰੂ ਸਾਹਿਬ ਦਾ ਹੁਕਮ ਸਿੱਖ ਧਰਮ ਵਿਚ ਹਰ ਪ੍ਰਕਾਰ ਦੇ ਨਸ਼ਿਆਂ ਦੀ ਮਨਾਹੀ ਹੈ। ਪਰ ਸ਼ਰਾਬ ਬਾਰੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਵਾਂ ਤੇ ਇਸ ਦੀ ਵਰਤੋਂ ਦੀ ਮਨਾਹੀ ਬਾਰੇ, ਸਪਸ਼ਟ ਲਿਖਿਆ ਹੋਇਆ ਮਿਲਦਾ ਹੈ ਜਿਵੇਂ :-

*(1) ਜਿਤੁ ਪੀਤੈ ਮਤਿ ਦੂਰਿ ਹੋਇ*
*ਬਰਲੁ ਪਵੈ ਵਿਚਿ ਆਇ ॥*
*ਆਪਣਾ ਪਰਾਇਆ ਨਾ ਪਛਾਣਈ,*
*ਖਸਮਹੁ ਧਕੇ ਖਾਇ ॥ (ਪੰਨਾ 554)*

**ਭਾਵ-** ਇਹ ਸ਼ਰਾਬ ਐਸੀ ਹੈ ਜਿਸ ਦੇ ਪੀਣ ਨਾਲ ਮਤ (ਅਕਲ) ਚਲੀ ਜਾਂਦੀ ਹੈ। (ਭਾਵ ਮਤ ਮਾਰੀ ਜਾਂਦੀ ਹੈ) ਅਤੇ ਅਕਲ ਦੀ ਥਾਂ ਪਾਗਲਪਨ ਪੈਦਾ ਹੋ ਜਾਂਦਾ ਹੈ। ਜਿਸ ਪਾਗਲਪਨ ਦੇ ਨਾਲ-ਸ਼ਰਾਬੀ ਮਨੁੱਖ ਨੂੰ ਆਪਣੇ ਅਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ। (ਇਸੇ ਕਰਕੇ ਮਨ-ਆਏ ਗਲਤ ਕੰਮ ਕਰਦਾ ਹੈ। ਜਿਸ ਕਰਕੇ ਉਸ ਨੂੰ ਪ੍ਰਭੂ ਦੇ ਦਰਬਾਰ ਤੋਂ ਧਕੇ ਖਾਣੇ ਪੈਂਦੇ ਹਨ।

*(2) ਤੀਜੇ ਗੁਰੂ ਸਾਹਿਬ ਲਿਖਦੇ ਹਨ :-*
*ਜਿਤੁ ਪੀਤੈ ਖਸਮੁ ਵਿਸਰੈ,*
*ਦਰਗਹ ਮਿਲੈ ਸਜਾਇ ॥*
*ਝੂਠਾ ਮਦੁ ਮੂਲਿ ਨਾ ਪੀਚਈ,*
*ਜੇ ਕਾ ਪਾਰਿ ਵਸਾਇ ॥ (ਪੰਨਾ 554)*

ਇਸ ਸ਼ਰਾਬ ਦੇ ਪੀਣ ਨਾਲ ਪ੍ਰਭੂ (ਮਾਲਕ) ਭੁਲ ਜਾਂਦਾ ਹੈ ਅਤੇ ਦਰਗਾਹ ਵਿਚ ਦੰਡ (ਸਜ਼ਾ) ਮਿਲਦਾ ਹੈ। ਇਸ ਲਈ ਗੁਰੂ

ਸਾਹਿਬ ਕਹਿੰਦੇ ਹਨ ਕਿ ਗੁਰੂ ਕੇ ਸਿੱਖ ਨੇ ਭੁਲ ਕੇ ਵੀ ਇਹ ਸ਼ਰਾਬ ਕਦੀ ਨਹੀਂ ਪੀਣੀ।

(3) *ਦੁਰਮਤਿ ਮਦੁ ਜੋ ਪੀਵਤੇ,*
*ਬਿਖਲੀ ਪਤਿ ਕਮਲੀ ॥*
*ਰਾਮ ਰਸਾਇਣ ਜੋ ਰਤੇ,*
*ਨਾਨਕਾ ਸਚ ਅਮਲੀ ॥ (388)*

**ਭਾਵ-** ਖੋਟੀ ਮਤ ਕਰਨ ਵਾਲੀ ਸ਼ਰਾਬ ਜੋ ਪੀਂਦੇ ਹਨ, ਉਹ ਕਮਲੀ ਅਤੇ ਵਿਭਚਾਰਨ ਇਸਤ੍ਰੀ ਦੇ ਪਤੀ ਸਮਾਨ ਹਨ। ਅਸਲੀ ਅਮਲੀ ਉਹੀ ਹਨ ਜੋ ਨਾਮ ਰੂਪੀ ਸ਼ਰਾਬ ਨਾਲ ਮਸਤ ਰਹਿੰਦੇ ਹਨ।

(4) *ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ,*
*ਸੰਤ ਜਨ ਕਰਤ ਨਹੀਂ ਪਾਨੰ ॥ (1293)*

**ਭਾਵ-** ਸ਼ਰਾਬ ਇਹਨੀ ਭੈੜੀ ਜਾਂ ਗੰਦੀ ਹੈ ਕਿ ਜੇ ਇਹ ਗੰਗਾ ਦੇ ਪਵਿਤ੍ਰ ਜਲ ਤੋਂ ਵੀ ਬਣੀ ਹੋਈ ਤਾਂ ਵੀ ਸੰਤ (ਗੁਰਮੁਖ) ਜਨ ਇਸ ਨੂੰ ਨਹੀਂ ਪੀਂਦੇ।

(5) *ਕਬੀਰ ਭਾਂਗ ਮਾਛੁਲੀ ਸੁਰਾਪਾਨਿ,*
*ਜੋ ਜੋ ਪ੍ਰਾਣੀ ਖਾਹਿ ॥*
*ਤੀਰਥ ਬਰਤ ਨੇਮ ਕੀਏ,*
*ਤੇ ਸਭੇ ਰਸਾਤਲ ਜਾਹਿ ॥ (1373)*

ਕਬੀਰ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ) ਕਹਿੰਦੇ ਹਨ ਕਿ ਜੋ ਲੋਕ ਭੰਗ, ਮਛੀ (ਮਾਸ) ਸ਼ਰਾਬ (ਆਦਿ ਨਸ਼ਾ) ਛਕਦੇ ਹਨ (ਭਾਵ ਸਤਸੰਗ ਵਿਚ ਵੀ ਜਾਂਦੇ ਹਨ ਤੇ ਸ਼ਰਾਬ ਕਬਾਬ ਭੀ ਖਾਂਦੇ ਪੀਂਦੇ ਹਨ ਤੇ ਵਿਕਾਰ ਵੀ ਕਰਦੇ ਹਨ) ਉਨ੍ਹਾਂ ਦੇ ਤੀਰਥਾਂ ਉਤੇ ਜਾਣਾ ਜਾਂ ਹੋਰ ਧਾਰਮਕ ਕਰਮ ਕਰਨੇ ਬਿਲਕੁਲ ਵਿਅਰਥ ਜਾਂਦੇ ਹਨ। ਗੁਰਬਾਣੀ ਵਿਚ ਸ਼ਰਾਬ ਨੂੰ 'ਛੂਛਾ' ਮਦਿ ਲਿਖਿਆ

ਹੈ। ਗੁਰਮਤਿ ਮਾਰਤੰਡ ਵਿਚ ਛੂਛੇ ਸ਼ਬਦ ਬਾਰੇ ਫੁਟ-ਨੋਟ ਵਿਚ ਇਸ ਤਰ੍ਹਾਂ ਲਿਖਿਆ ਹੈ :- 'ਸ਼ਰਾਬ ਨੂੰ ਛੂਛਾ' ਵਿਸ਼ੇਸ਼ਣ ਇਸ ਵਾਸਤੇ ਦਿਤਾ ਹੈ ਕਿ ਇਹ ਬੁਧੀ, ਬੱਲ, ਅਰੋਗਤਾ, ਕੀਰਤੀ ਤੇ ਧਨ ਆਦਿਕ ਤੋਂ ਆਪਣੇ ਭਗਤਾਂ ਨੂੰ ਖਾਲੀ ਕਰ ਦਿੰਦੀ ਹੈ।

(6) ਰਹਿਤ ਨਾਮਾ ਭਾ: ਦਯਾ ਸਿੰਘ ਜੀ (ਪੰਜਾਂ ਪਿਆਰਿਆਂ 'ਚੋਂ) ਵਿਚ ਜਿਥੇ ਲਿਖਿਆ ਹੋਇਆ ਹੈ :-

'ਮਦਰਾ ਮਾਸ ਕਉ ਛੂਹੈ ਨਾਹੀ' ਉਥੇ ਇਹ ਵੀ ਲਿਖਿਆ ਹੋਇਆ ਹੈ ਕਿ-ਜੂਆ ਖੇਲੇ, ਮਦ (ਸ਼ਰਾਬ) ਪੀਏ ਸੁ ਨਰਕ......ਮਹਿ ਜਾਵੇ।

(7) ਕਈ ਗੁਰ ਵਿਅਕਤੀਆਂ ਦੇ ਲਿਖੇ ਹੁਕਮਨਾਮਿਆਂ ਵਿਚ ਵੀ ਮਾਸ ਸ਼ਰਾਬ ਦੀ ਵਰਤੋਂ ਨਾ ਕਰਨ ਬਾਰੇ ਵੀ ਲਿਖਿਆ ਮਿਲਦਾ ਹੈ ਜਿਵੇਂ :-

ਛੇਵੇਂ ਪਾਤਸ਼ਾਹ ਦੇ ਇਕ ਹੁਕਮ ਨਾਮੇ ਵਿਚ ਮਾਸ-ਮਛੀ ਨੂੰ ਖਾਣਾ ਤਾਂ ਇਕ ਪਾਸੇ ਰਿਹਾ, ਛੂਹਣਾ ਵੀ ਮਨ੍ਹਾ ਕੀਤਾ ਗਿਆ ਹੈ।

ਨੌਵੇਂ ਪਾਤਸ਼ਾਹ ਦੇ ਇਕ ਹੁਕਮ ਨਾਮੇ ਵਿਚ-ਮਦਰਾ (ਸ਼ਰਾਬ) ਮਾਸ, ਮਛੀ, ਜੂਆ, ਪਰ ਤਿਰਿਆਂ ਤੋਂ ਸਦਾ ਦੂਰ ਰਹਿਣਾ... ਲਿਖਿਆ ਮਿਲਦਾ ਹੈ। (ਵੇਖੋ ਪੁਸਤਕ ਨਿਸ਼ਾਨ ਤੇ ਹੁਕਮ ਨਾਮੇ)

(8) ਇਤਿਹਾਸਕਾਰ ਮੁਹਸਨ-ਫਾਨੀ ਜੋ ਪੰਜਵੇਂ ਅਤੇ ਛੇਵੇਂ ਗੁਰੂ ਜੀ ਦਾ ਸਮਕਾਲੀ ਸੀ, ਉਸਨੇ ਆਪਣੀ ਪੁਸਤਕ 'ਦਬਿਸਤਾਨੇ -ਮਜ਼ਾਹਿਬ' ਭਾਗ-2 ਪੰਨਾ 246 ਉਤੇ ਇਸ ਤਰ੍ਹਾਂ ਲਿਖਿਆ ਹੈ :-

ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਮਾਸ ਖਾਣ ਅਤੇ ਸ਼ਰਾਬ ਪੀਣ ਦੀ ਸਖਤ ਮਨਾਹੀ ਕੀਤੀ ਸੀ।

ਗੁਰਬਾਣੀ ਅਤੇ ਇਤਿਹਾਸ ਵਿਚ ਇਸ ਤਰ੍ਹਾਂ ਦੀਆਂ ਹੋਰ ਕਈ ਪੰਗਤੀਆਂ ਵੀ ਆਉਂਦੀਆਂ ਹਨ ਜਿੰਨ੍ਹਾਂ ਨੂੰ ਪੜ੍ਹ ਸੁਣ ਕੇ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਮਹਾਰਾਜ ਇਸ ਦੇ ਸਖਤ ਵਿਰੁਧ ਹਨ ਅਤੇ

ਉਹ ਆਪਣੇ ਸਿਖਾਂ ਨੂੰ ਇਸ ਦੀ ਵਰਤੋਂ ਕਰਨ ਦੀ ਸਖਤ ਮਨਾਹੀ ਕਰਦੇ ਹਨ। ਪਰ ਪਤਾ ਨਹੀਂ ਸ਼ਰਾਬ ਪੀਣ ਵਾਲੇ ਅਤੇ ਗੁਰੂ ਕੇ ਸਿੱਖ ਅਖਵਾਉਣ ਵਾਲੇ, ਗੁਰੂ ਪਾਤਸ਼ਾਹ ਦੇ ਇਸ ਹੁਕਮ ਦੀ ਪਰਵਾਹ ਨਾਂਹ ਕਰਕੇ, ਗੁਰੂ ਤੋਂ ਕਿਉਂ ਬੇਮੁਖ ਹੁੰਦੇ ਜਾਂਦੇ ਹਨ ਅਤੇ ਆਪਣਾ ਧਨ ਆਪਣਾ ਤਨ, ਸਿਹਤ ਅਤੇ ਆਚਰਨ ਨੂੰ ਬਰਬਾਦ ਕਰੀ ਜਾ ਰਹੇ ਹਨ।

## ਪਾਠਕ ਜੀ !

ਤੁਸੀਂ ਕਦੇ ਸੋਚਿਆ ਹੈ ਕਿ ਗੁਰਬਾਣੀ (ਜੋ ਸਾਡਾ ਗੁਰੂ ਹੈ ਅਤੇ ਉਹ) ਜਦ ਸਾਨੂੰ ਸ਼ਰਾਬ ਪੀਣ ਤੋਂ ਵਰਜਦੀ ਹੈ ਤਾਂ ਫਿਰ ਗੁਰਬਾਣੀ ਦਾ ਪ੍ਰਚਾਰ ਕਰਨ ਵਾਲੀਆਂ ਸਭਾ-ਸੁਸਾਇਟੀਆਂ, ਗੁਰਦੁਆਰਿਆਂ ਦੇ ਪ੍ਰਬੰਧਕ, ਰਾਗੀ-ਪਾਠੀ-ਗ੍ਰੰਥੀ ਤੇ ਪ੍ਰਚਾਰਕ ਆਦਿ ਇਸ ਸ਼ਰਾਬ ਦੇ ਵਿਰੁਧ ਖੁਲਮ-ਖੁਲਾ ਪ੍ਰਚਾਰ ਕਿਉਂ ਨਹੀਂ ਕਰਦੇ ?

ਜੇ ਜਰਾ ਧਿਆਨ ਨਾਲ ਨਿਰਪਖ ਹੋ ਕੇ ਸੋਚੋਗੇ ਤਾਂ ਤੁਹਾਨੂੰ ਇਸ ਦਾ ਕਾਰਨ ਜਰੂਰ ਮਿਲ ਜਾਏਗਾ ਅਤੇ ਪਤਾ ਲਗ ਜਾਏਗਾ ਕਿ ਨੁਕਸ ਕਿਥੇ ਹੈ ?

ਸਾਡੇ ਪਿੰਡ- ਸ਼ਹਿਰ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ ਦੀਆਂ ਚੋਣਾ ਹਰ ਸਾਲ ਹੁੰਦੀਆਂ ਹਨ। ਚੁਣੇ ਜਾਣ ਵਾਲੇ ਮੈਂਬਰਾਂ ਨੂੰ ਹਰ ਸਾਲ ਵੋਟਰਾਂ ਦੀ ਲੋੜ ਰਹਿੰਦੀ ਹੈ। ਚੋਣ ਨਿਯਮਾਂ ਅਨੁਸਾਰ, ਸ਼ਰਾਬ ਪੀਣ ਵਾਲਾ ਗੁਰਦੁਆਰਾ ਕਮੇਟੀ ਦਾ ਮੈਂਬਰ ਹੀ ਨਹੀਂ ਬਣ ਸਕਦਾ ਪਰ ਆਮ ਦੇਖਣ ਵਿਚ ਆਉਂਦਾ ਹੈ ਕਿ ਝੂਠ ਲਿਖ ਦਿਤਾ ਜਾਂਦਾ ਹੈ ਜਾਂ ਲਿਖਵਾ ਲਿਆ ਜਾਂਦਾ ਹੈ ਕਿ (ਮੈਂ ਵੋਟਰ) ਸ਼ਰਾਬ ਨਹੀਂ ਪੀਂਦਾ।

ਇਸ ਤਰ੍ਹਾਂ ਸਾਰੇ ਤਾਂ ਨਹੀਂ, ਪਰ ਕਈ ਸ਼ਰਾਬੀ ਵੀ ਗੁਰਦੁਆਰੇ ਦੇ ਮੈਂਬਰ ਬਣ ਜਾਦੇ ਹਨ। ਫਿਰ ਇਹ ਲੋਕ ਬਰਦਾਸ਼ਤ ਨਹੀਂ ਕਰਦੇ ਕਿ ਉਨ੍ਹਾਂ ਦੀ ਸਟੇਜ ਉਤੇ ਸ਼ਰਾਬ ਵਿਰੁਧ ਬੋਲਿਆ ਜਾਏ ਜਾਂ ਗੁਰੂ ਦੀ ਗਲ, ਸ਼ਰਾਬ ਬਾਰੇ ਵਿਸਥਾਰ ਨਾਲ ਦੱਸੀ ਤੇ ਬਾਰ ਬਾਰ ਸਮਝਾਈ ਜਾਵੇ।

ਗ੍ਰੰਥੀ ਸਿੰਘ, ਰਾਗੀ-ਪ੍ਰਚਾਰਕ ਆਦਿ ਜੋ ਪ੍ਰਬੰਧਕਾਂ ਦੀ ਰਾਏ ਅਨੁਸਾਰ, ਮਰਜ਼ੀ ਅਨੁਸਾਰ ਨਹੀਂ ਚਲਦੇ ਤਾਂ ਉਨਾਂ ਲਈ ਨੌਕਰੀ ਖਤਰਾ ਬਣ ਜਾਂਦਾ ਹੈ ਅਤੇ ਜੇ ਸ਼ਰਾਬ ਬਾਰੇ ਗੁਰਵੀਚਾਰ ਦੁਹਰਾਉਣ ਤਾਂ ਸ਼ਰਾਬੀ ਪ੍ਰਬੰਧਕਾਂ ਅਤੇ ਹੋਰ ਸ੍ਰੋਤਿਆਂ ਦੀ ਨਾਰਾਜ਼ਗੀ ਦੇ ਨਾਲ ਨਾਲ ਉਨ੍ਹਾਂ ਨੂੰ ਚੜ੍ਹਾਵੇ ਦੀ ਰਕਮ (ਮਾਇਆ) ਭੇਟ ਨਹੀਂ ਹੁੰਦੀ ਤੇ ਘਾਟਾ ਪੈਂਦਾ ਹੈ-ਅਤੇ ਘਾਟਾ ਕੌਣ ਬਰਦਾਸ਼ਤ ਕਰੇ ?

## ਕਈ ਪੁਛਦੇ ਹਨ ?

ਤੇ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਉਸ ਤੋਂ ਮਗਰੋਂ ਕੁਰਹਿਤਾਂ ਵਿਚ ਤੰਬਾਕੂ ਦੀ ਵਰਤੋਂ ਬਾਰੇ ਤਾਂ ਵਰਨਣ ਹੈ ਪਰ ਸ਼ਰਾਬ ਬਾਰੇ ਨਹੀਂ ?

ਐਸੇ ਲੋਕਾਂ ਦੀ ਜਾਣਕਾਰੀ ਲਈ ਦਸਣਾ ਜ਼ਰੂਰੀ ਹੈ ਕਿ ਜਦੋਂ ਕੋਈ ਨਵਾਂ ਕਾਨੂੰਨ ਜਾਂ ਨਿਯਮ ਬਣਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਪਹਿਲਾਂ ਬਣੇ ਕਾਨੂੰਨ ਜਾਂ ਨਿਯਮ ਉਤੇ ਲਕੀਰ ਫਿਰ ਜਾਂਦੀ ਹੈ। ਸਗੋਂ ਸਮੇਂ ਦੀ ਲੋੜ ਅਨੁਸਾਰ ਪਹਿਲਾਂ ਬਣੇ ਨਿਯਮਾਂ ਵਿਚ ਵਾਧਾ ਕੀਤਾ ਜਾਂਦਾਂ ਹੈ।

ਇਸੇ ਤਰ੍ਹਾਂ ਦਸਮ ਪਾਤਸ਼ਾਹ ਤੋਂ ਪਹਿਲਾਂ ਦੇ ਗੁਰੂ ਸਾਹਿਬਾਨ

ਜੋ ਹੁਕਮ ਕਰ ਗਏ ਹਨ ਜਾਂ ਜੋ ਨਿਯਮ ਬਣਾ ਗਏ ਹਨ ਉਹ ਉਸੇ ਤਰ੍ਹਾਂ ਕਾਇਮ ਹਨ ਅਤੇ ਕਾਇਮ ਰਹਿਣਗੇ ਅਤੇ ਅਸੀਂ ਸਿੱਖ ਅਖਵਾਉਣ ਵਾਲਿਆਂ ਨੇ ਮੰਨਣੇ ਹੀ ਮੰਨਣੇ ਹਨ। ਜਿਵੇਂ ਸ਼ਰਾਬ ਨਾ ਪੀਣ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਈ ਸ਼ਬਦ ਹਨ-ਆਦਿ।

ਯਾਦ ਰਵੇ, ਖਾਲਸਾ ਸਾਜਨ ਵੇਲੇ ਤੰਬਾਕੂ ਭਾਵੇਂ ਭਾਰਤ ਵਿਚ ਆ ਚੁਕਾ ਸੀ ਪਰ ਆਮ ਪ੍ਰਚਲਤ ਨਹੀਂ ਸੀ। (ਇਸ ਬਾਰੇ ਟ੍ਰੈਕਟ 'ਜਗਤ-ਜੂਠ' ਵਿਚ ਦਸਿਆ ਜਾ ਚੁਕਾ ਹੈ।

## *ਇਕ ਹੋਰ ਗੱਲ*

ਤੰਬਾਕੂ ਦੀ ਵਰਤੋਂ ਨਾਂਹ ਕਰਨ ਬਾਰੇ ਸਾਡੇ ਰਹਿਤਨਾਮਿਆਂ ਵਿਚ ਦਰਜ ਹੈ ਜਿਨ੍ਹਾਂ ਨੂੰ ਗੁਰੂ ਸਾਹਿਬ ਦੇ ਨਿਕਟ ਵਰਤੀਆਂ ਭਾ: ਸ: ਨੰਦ ਲਾਲ ਸਿੰਘ ਜੀ, ਭਾ: ਦਇਆਂ ਸਿੰਘ ਜੀ ਆਦਿ ਨੇ ਲਿਖਿਆ ਹੈ ਪਰ ਸ਼ਰਾਬ ਬਾਰੇ ਤਾਂ ਰਹਿਤਨਾਮਿਆਂ ਤੋਂ ਇਲਾਵਾ ਗੁਰੂ ਸਾਹਿਬਾਨ ਦੇ ਆਪਣੇ ਪਵਿਤ੍ਰ ਹਥਾਂ ਨਾਲ (ਗੁਰਬਾਣੀ ਵਿਚ) ਲਿਖਿਆ ਮਿਲਦਾ ਹੈ ਜਿਨ੍ਹਾਂ ਵਿਚੋਂ ਕੁਝ ਪੰਗਤੀਆਂ ਉਪਰ ਦਿੱਤੀਆਂ ਜਾ ਚੁਕੀਆਂ ਹਨ।

ਰਹਿਤਨਾਮਾ ਭਾ: ਦੇਸਾ ਸਿੰਘ ਵਿਚ ਇਉਂ ਲਿਖਿਆ ਮਿਲਦਾ ਹੈ :-

*ਪਰ ਨਾਰੀ, ਜੂਆ, ਅ-ਸਤ, ਚੋਰੀ, ਮਦਰਾ ਜਾਣ।*
*ਪਾਂਚ ਐਬ ਏ ਜਗਤ ਮੈਂ, ਤਜੇ ਸੁ ਸਿੰਘ ਸੁਜਾਨ*

ਭਾ: ਚੋਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਲਿਖਿਆ ਹੋਇਆ ਹੈ-

*'ਗੁਰੂ ਕਾ ਸਿੰਘ ਸ਼ਰਾਬ ਕਦੀ ਨਾ ਪੀਵੇ।'*

ਸ਼ਰਾਬ ਪੀਣ ਵਾਲਾ ਮਨੁਖ ਸਾਰੀ ਉਮਰ ਜਿਥੇ ਹੈਰਾਨ ਤੇ ਪਰੇਸ਼ਾਨ ਰਹਿੰਦਾ ਹੈ, ਨੁਕਸਾਉਣ ਉਠਾਂਦਾ ਰਹਿੰਦਾ ਹੈ ਉਥੇ ਆਪਣੇ

ਪਰਿਵਾਰ, ਬਿਰਾਦਰੀ, ਗਲੀ ਮੁਹੱਲੇ ਵਾਲਿਆਂ ਨੂੰ ਇਸ ਨਿੰਦਣ ਯੋਗ ਬੁਰਿਆਈ ਤੋਂ ਪਰੇਸ਼ਾਨ ਤੇ ਸ਼ਰਮਸਾਰ ਕਰਦਾ ਹੈ।

ਇਕ ਵਿਦਵਾਨ ਦਾ ਕਥਨ ਹੈ ਕਿ ਜਿਥੇ ਸ਼ਰਾਬ ਵਸਦੀ ਹੈ ਉਥੇ ਦਲੀਲ ਨੂੰ ਦੇਸ਼ ਨਿਕਾਲਾ ਮਿਲ ਜਾਂਦਾ ਹੈ। ਨੇਕੀ ਖੰਭ ਲਾ ਕੇ ਉਡ ਜਾਂਦੀ ਹੈ ਤੇ ਰਬ ਦੁਸ਼ਮਣ ਜਾਪਣ ਲਗ ਜਾਂਦਾ ਹੈ, ਉਥੇ ਮੂਰਖਤਾ ਹੀ ਅਕਲ ਮੰਨੀ ਜਾਂਦੀ ਹੈ। ਗਾਲ੍ਹਾਂ ਅਤੇ ਸਹੁੰਆਂ ਉਥੇ ਦੀ ਪ੍ਰਤਿਸ਼ਟ ਬੋਲੀ ਹੁੰਦੀ ਹੈ ਅਤੇ ਭੇਦ ਵਿਚ ਰਖਣ ਵਾਲੀਆਂ ਗੱਲਾਂ ਦੇ ਢੰਡੋਰੇ ਪਿਟੇ ਜਾਂਦੇ ਹਨ।

ਕਹਿੰਦੇ ਹਨ ਕਿ ਬੀਰਬਲ ਨੇ ਅਕਬਰ ਬਾਦਸ਼ਾਹ ਨੂੰ ਸ਼ਰਾਬ ਦੀ ਬੋਤਲ ਦਿਖਾ ਕੇ ਇਸ ਦੇ ਤਿੰਨ ਨਾਂ ਦਸੇ ਸਨ-ਤੋਤਾ, ਹਾਥੀ ਅਤੇ ਖੋਤਾ। ਉਸ ਦਾ ਭਾਵ ਸੀ ਕਿ ਇਸ ਦੇ ਪੀਣ ਨਾਲ ਮਨੁਖ ਪਹਿਲਾਂ ਤੋਤੇ ਵਾਂਗ ਬੋਲਦਾ ਹੈ, ਫਿਰ ਹਾਥੀ ਵਾਂਗ ਝੂਮਦਾ ਹੈ ਅਤੇ ਅਖੀਰ ਪੂਰਾ, ਖੋਤਾ ਬਣ ਜਾਂਦਾ ਹੈ।

ਇਕ ਵਿਦਵਾਨ ਸਜਨ ਜੀ ਲਿਖਦੇ ਹਨ ਕਿ ਸ਼ਰਾਬੀ ਦਾ ਆਪਣੇ ਘਰ ਵਿਚ ਹੀ ਕਿਤਨਾ ਕੁ ਇਤਬਾਰ ਹੁੰਦਾ ਹੈ ਕਿ ਉਸ ਦੀ ਆਪਣੀ ਧੀ, ਭੈਣ ਜਾਂ ਮਾਂ ਵੀ ਉਸ ਦੇ ਕਮਰੇ ਵਿਚ ਸੌਣ ਦਾ ਹੌਸਲਾ ਨਹੀਂ ਕਰਦੀ।

ਸਪਸ਼ਟ ਹੋਇਆ ਕਿ ਸ਼ਰਾਬ ਆਪਣੇ ਭਗਤ ਦੀ ਬੁਧੀ ਇਤਨੀ ਮਲੀਨ ਕਰ ਦੇਂਦੀ ਹੈ ਕਿ ਉਸ ਉਤੇ ਕੋਈ ਇਤਬਾਰ ਹੀ ਨਹੀਂ ਕਰਦਾ।

ਚਾਹੀਦਾ ਤਾਂ ਇਹ ਸੀ ਕਿ ਸ਼ਰਾਬ ਦੀ ਵਰਤੋਂ ਉਤੇ ਸਰਕਾਰ ਪਾਬੰਦੀ ਲਾਉਂਦੀ, ਕਿਉਂਕਿ ਆਜ਼ਾਦੀ ਤੋਂ ਪਹਿਲਾਂ ਮਹਾਤਮਾ ਗਾਂਧੀ ਅਤੇ ਹੋਰ ਨੇਤਾ ਸ਼ਰਾਬ ਦੇ ਠੇਕੇ ਬੰਦ ਕਰਨ ਦਾ ਪਰਚਾਰ ਕਰਦੇ ਹੁੰਦੇ ਸਨ। ਉਸ ਸਮੇਂ ਸ਼ਰਾਬ ਦੇ ਠੇਕੇ ਖੋਲ੍ਹਣ ਉਤੇ ਪਾਬੰਦੀ ਲਾਉਣ

ਲਈ ਜਲਸੇ-ਜਲੂਸ ਕਢ ਕੇ ਸਰਕਾਰ ਦੀ ਵਿਰੋਧਤਾ ਕਰਦੇ ਸਨ। ਪਰ ਹੁਣ ਉਸੇ ਕਾਂਗਰਸ ਦੀ ਆਪਣੀ ਸਰਕਾਰ ਸ਼ਰਾਬ ਉਤੇ ਟੈਕਸ ਦੀ ਆਮਦਨ ਦੇ ਲਾਲਚ ਕਾਰਨ ਥਾਂ ਥਾਂ ਠੇਕੇ ਖੁਲ੍ਹਾ ਰਹੀ ਹੈ।

ਜਰਾ ਠੰਡੇ ਦਿਲ ਨਾਲ ਵਿਚਾਰ ਕਰਨ ਤੇ ਪਤਾ ਲਗਦਾ ਹੈ ਕਿ ਸ਼ਰਾਬ ਦੀ ਆਮਦਨ ਨਾਲੋਂ ਸ਼ਰਾਬ ਦੀ ਵਰਤੋਂ ਕਰਨ ਵਾਲਿਆਂ ਦੀਆਂ ਗਲਤ ਕਾਰਵਾਈਆਂ ਕਾਰਨ ਜੋ ਖਰਚ ਸਰਕਾਰ ਨੂੰ ਕਰਨਾ ਪੈਂਦਾ ਹੈ, ਉਹ ਆਮਦਨ ਨਾਲੋਂ ਚਾਰ ਗੁਣਾ ਜਿਆਦਾ ਹੁੰਦਾ ਹੈ। ਵੇਰਵਾ ਅਗੇ ਦੇਖੋ :-

(1) ਅਮਰੀਕਾ ਇਕ ਉੱਨਤ ਦੇਸ਼ ਹੈ। ਉਸ ਦੇਸ਼ ਬਾਰੇ ਇਕ ਵਾਰੀ ਰਿਪੋਰਟ ਛਪੀ ਸੀ ਕਿ ਅਮਰੀਕਾ 'ਚ ਇਕ ਸਾਲ ਵਿਚ ਸ਼ਰਾਬੀ ਡਰਾਈਵਰਾਂ ਨੇ ਦਸ ਹਜਾਰ ਤੋਂ ਵਧ ਬੰਦੇ ਮੋਟਰਾਂ ਥਲੇ ਦੇ ਕੇ ਮਾਰੇ ਸਨ ਅਤੇ 35 ਹਜਾਰ ਤੋਂ ਵੱਧ ਜਖਮੀ ਕੀਤੇ ਸਨ।

(2) ਸ਼ਰਾਬ ਤੋਂ ਪੈਦਾ ਹੋਈ ਗੈਰ ਹਾਜਰੀ ਕਾਰਨ ਸਰਕਾਰ ਦੀ ਸਾਲ ਵਿਚ 14 ਅਰਬ ਰੁਪਏ ਤੋਂ ਵਧ ਹਾਨੀ ਹੁੰਦੀ ਹੈ। (ਪ੍ਰਾਈਵੇਟ ਵਖਰੀ)

(3) ਪੁਲੀਸ, ਅਦਾਲਤਾਂ (ਕਚਹਿਰੀਆਂ) ਜੇਲ੍ਹ ਆਦਿ ਦੇ ਖਰਚੇ ਇਨ੍ਹਾਂ ਤੋਂ ਵਖਰੇ ਹਨ। ਜੋ ਕਿ ਸ਼ਰਾਬ ਕਾਰਨ ਉਪਜੀਆਂ ਬੀਮਾਰੀਆਂ ਲਈ ਬਣਾਈਆਂ ਗਈਆਂ ਹਨ।

ਇਹ ਇਕ ਉੱਨਤ ਦੇਸ਼ ਦਾ ਹਾਲ ਹੈ। ਇਸ ਦੇਸ਼ ਦੇ ਮੁਕਾਬਲੇ 'ਚ ਸਾਡਾ ਭਾਰਤ ਦੇਸ਼ ਪਛੜਿਆ ਹੋਇਆ ਹੈ। ਇਥੇ ਸ਼ਰਾਬ ਆਦਿ ਨਸ਼ਿਆਂ ਕਾਰਨ ਹੋਣ ਵਾਲਿਆਂ ਹਾਨੀਆਂ (ਨੁਕਸਾਨ) ਦਾ ਅੰਦਾਜਾ ਲਾਉਣਾ ਹੀ ਮੁਸ਼ਕਲ ਹੈ। ਪਰ ਕੁਝ ਸਾਲ ਹੋਏ ਸਾਡੀ ਕੇਂਦਰੀ ਸਰਕਾਰ ਨੇ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਪੜਤਾਲ ਬਾਰੇ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਸੀ, ਜਿਸ ਦੇ ਮੁਖੀ ਜਸਟਿਸ ਟੇਕ

ਚੰਦ ਜੀ ਸਨ। ਉਨ੍ਹਾਂ ਨੇ ਸਰਕਾਰ ਨੂੰ 1200 ਸਫੇ ਦੀ ਲੰਮੀ ਰਿਪੋਰਟ ਵਿਚ ਸ਼ਰਾਬ ਪੀ ਕੇ ਕੀਤੇ ਮਾੜੇ ਕੰਮ ਕੁਝ ਇਸ ਤਰ੍ਹਾਂ ਦਸੇ ਹਨ :-

(1) 71 ਪ੍ਰਤੀਸ਼ਤ (ਸੌ ਵਿਚੋਂ 71) ਦੁਰਘਟਨਾ ਸ਼ਰਾਬੀਆਂ ਦੁਆਰਾ ਹੁੰਦੀ ਹੈ।

(2) 60 ਪ੍ਰਤੀਸ਼ਤ (ਸੌ ਵਿਚੋਂ 60) ਵਿਭਚਾਰ ਕਰਨ ਵਾਲੇ ਮਨੁਖ ਸ਼ਰਾਬੀ ਹੁੰਦੇ ਹਨ।

(3) 69 ਪ੍ਰਤੀਸ਼ਤ ਚੋਰੀ ਕਰਨ ਵਾਲੇ ਸ਼ਰਾਬੀ ਹੁੰਦੇ ਹਨ।

(4) 69 ਪ੍ਰਤੀਸ਼ਤ ਜਬਰ ਜਨਾਹ (ਵਿਭਚਾਰ) ਕਰਨ ਵਾਲੇ

(5) 74 " ਡਾਕੇ ਮਾਰਨ ਵਾਲੇ।

(6) 70 " ਸੰਨ੍ਹਾ ਲਾਉਣ ਵਾਲੇ।

(7) 83 " ਦੰਗੇ ਫਸਾਦ ਕਾਰਨ ਫਟੜ ਹੋਣ ਵਾਲੇ।

(8) 85 " ਬੰਦੂਕ ਪਸਤੌਲਾਂ ਦੀ ਗਲਤ ਵਰਤੋਂ ਕਰਨ ਵਾਲੇ।

(9) 93 " ਤੇਜ਼ ਧਾਰ ਹਥਿਆਰ ਦੀ ਵਰਤੋਂ ਕਾਰਨ ਫਟੜ ਕਰਨ ਜਾਂ ਹੋਣ ਵਾਲੇ ਸ਼ਰਾਬੀ ਹੀ ਹੁੰਦੇ ਹਨ।

(10) 90 " ਸ਼ਰਾਬੀ ਮਾਤਾ ਪਿਤਾ ਆਪਣੇ ਬਚਿਆਂ ਵਲੋਂ ਅਣਗਹਿਲੀ ਕਰਨ ਕਾਰਨ, ਉਨ੍ਹਾਂ ਦੀ ਪਾਲਨ ਪੋਸਨਾ ਅਤੇ ਉਨ੍ਹਾਂ ਦੀ ਪੜ੍ਹਾਈ ਲਿਖਾਈ ਵਲ ਚੰਗੀ ਤਰ੍ਹਾਂ ਧਿਆਨ ਨਹੀਂ ਦਿੰਦੇ। ਇਨ੍ਹਾਂ ਅੰਕੜਿਆਂ ਤੋਂ ਚੰਗੀ ਤਰ੍ਹਾਂ ਸਿਧ ਹੋ ਜਾਂਦਾ ਹੈ ਕਿ ਸਾਡੇ ਦੇਸ਼ ਵਿਚ ਜਿਤਨੀਆਂ ਸਮਾਜਿਕ ਬੁਰਾਈਆਂ ਸ਼ਰਾਬ ਪੀ ਕੇ ਲੋਕ ਕਰਦੇ ਹਨ, ਹੋਰ ਕੋਈ ਨਹੀਂ ਕਰਦਾ।

ਸ਼ਰਾਬ ਪੀ ਕੇ ਹਾਦਸਿਆਂ ਅਤੇ ਮੌਤਾਂ ਦੀਆਂ ਖਬਰਾਂ ਜਿਥੇ ਆਮ ਅਖਬਾਰਾਂ 'ਚ ਛਪਦੀਆਂ ਹਨ ਉਥੇ ਮਾੜੀ ਸ਼ਰਾਬ ਪੀਣ ਕਾਰਨ ਅਨੇਕ ਮੌਤਾਂ ਦੀਆਂ ਖਬਰਾਂ ਵੀ ਆਮ ਛਪਦੀਆਂ ਰਹਿੰਦੀਆਂ ਹਨ। ਜਿਸ ਤਰ੍ਹਾਂ ਬੀਜ ਭਾਵੇਂ ਕਿਤਨਾ ਹੀ ਤਾਜ਼ਾ ਤੇ ਨਰੋਆ ਹੋਵੇ ਜੇ

ਧਰਤੀ ਹੀ ਮਾੜੀ ਹੋਵੇਗੀ ਤਾਂ ਬੀਜ ਕਦੇ ਨਹੀਂ ਉਗੇਗਾ। ਇਸੇ ਤਰ੍ਹਾਂ ਸ਼ਰਾਬੀ ਆਦਮੀ ਦਾ ਹਿਰਦਾ (ਐਬੀ) ਐਬਾਂ ਵਾਲਾ (ਬੁਰਿਆਈ ਵਾਲਾ) ਹੋਣ ਕਾਰਨ ਬਹੁਤ ਸਾਰੇ ਐਬਾਂ (ਬੁਰਿਆਈਆਂ) ਦਾ ਮੂਲ (ਮੁੱਢ ਜਾਂ ਜੜ੍ਹ) ਸ਼ਰਾਬ ਹੈ। ਇਸ ਲਈ ਸ਼ਰਾਬੀ ਪਾਸੋਂ ਕੁਰਬਾਨੀ ਦੀ ਆਸ ਨਹੀਂ ਹੋ ਸਕਦੀ। ਭਗਤੀ ਪ੍ਰੇਮ, ਨਿਯਮ ਦੀ ਪਾਲਣਾ, ਅੰਮ੍ਰਿਤ ਵੇਲੇ ਉਠਣ, ਸਚਾਈ ਉਤੇ ਪਹਿਰਾ ਦੇਣ ਆਦਿ ਸਭ ਸਦਗੁਣਾਂ ਨੂੰ ਸ਼ਰਾਬੀ ਮਨੁਖ ਨਸ਼ੇ ਦੇ ਵਹਿਣ ਵਿਚ ਰੋੜ੍ਹ ਸੁਟਦਾ ਹੈ।

ਇਕ ਵਿਦਵਾਨ ਦਾ ਕਥਨ ਹੈ ਕਿ ਜੇ ਕੋਈ ਲਾਸ਼ ਗਲਣ ਤੋਂ ਬਚਾਉਣੀ ਹੋਵੇ ਤਾਂ ਉਸ ਨੂੰ ਸ਼ਰਾਬ ਵਿਚ ਪਾ ਦਿਉ ਤੇ ਜੇ ਜੀਉਂਦੇ ਮਨੁੱਖ ਨੂੰ ਲਾਸ਼ ਬਣਾਉਣਾ ਹੋਵੇ ਤਾਂ ਇਸ ਦੇ ਸਰੀਰ ਵਿਚ ਸ਼ਰਾਬ ਪਾ ਦਿਉ। ਪਹਿਲਾਂ ਆਦਮੀ ਸ਼ਰਾਬ ਲੈਂਦਾ ਹੈ, ਫਿਰ ਸ਼ਰਾਬ ਨੂੰ ਸ਼ਰਾਬ ਲੈਂਦੀ ਹੈ ਅਤੇ ਫਿਰ ਸ਼ਰਾਬ ਆਦਮੀ ਨੂੰ ਲੈ ਲੈਂਦੀ । ਇਸ ਤਰ੍ਹਾਂ ਧਰਮ ਅਤੇ ਸ਼ਰਾਬ ਦਾ ਮੁਢ ਤੋਂ ਹੀ ਵੈਰ ਹੈ।

## ਇਸ ਤਰ੍ਹਾਂ ਜਿਹੜੀ ਸ਼ਰਾਬ

ਸਾਨੂੰ ਇਖਲਾਕ (ਆਚਰਣ) ਤੋਂ ਡੇਗਦੀ ਹੈ ;
ਸਾਡੀ ਸਿਹਤ ਨੂੰ ਖਰਾਬ ਕਰਦੀ ਹੈ ;
ਸਾਡੇ ਘਰ ਦਾ ਉਜਾੜਾ ਕਰਦੀ ਹੈ ;

ਸਾਨੂੰ ਮੰਦੇ ਕੰਮ ਕਰਨ ਲਈ ਪ੍ਰੇਰਤ ਕਰਦੀ ਹੈ। ਉਥੇ ਸਾਨੂੰ ਆਪਣੇ ਗੁਰੂ ਤੋਂ ਮੂੰਹ ਮੁੜਾਉਂਦੀ ਹੈ ; ਬੇਮੁਖ ਕਰਦੀ ਹੈ। ਇਸ ਲਈ ਗੁਰੂ ਦਾ ਸਿਖ ਅਖਵਾਉਣ ਵਾਲਿਆਂ ਨੂੰ ਆਪਣੇ ਗੁਰੂ ਦੀ ਬਚਨਾਂ ਵਲ ਧਿਆਨ ਕਰਦੇ ਹੋਏ ਇਸ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ। ਕਿਉਂਕਿ ਇਸਦੀ ਵਰਤੋਂ ਕਰਨ ਵਾਲਾ ਸਿਖ

ਜਿਥੇ ਗੁਰੂ ਤੋਂ ਦੂਰ ਹੁੰਦਾ ਹੈ ਉਥੇ ਗੁਰੂ ਤੋਂ ਬੇਮੁਖ ਵੀ ਹੁੰਦਾ ਹੈ। ਬੇਮੁੱਖਾਂ ਬਾਰੇ ਭਾਈ ਸਾਹਿਬ ਗੁਰਦਾਸ ਜੀ ਕਹਿੰਦੇ ਹਨ।

*ਬੇਮੁੱਖ ਸੁੱਖ ਨਾ ਦੇਖਈ,*
*ਜਿਉ ਛੁਟੜਿ ਛਊੜੀ ॥*

ਜਿਸ ਤਰ੍ਹਾਂ ਛੁਟੜ ਇਸਤਰੀ ਦੁਖੀ ਰਹਿੰਦੀ ਹੈ ਉਸੇ ਤਰ੍ਹਾਂ ਬੇਮੁਖ ਸੁਖ ਨਹੀਂ ਪ੍ਰਾਪਤ ਕਰ ਸਕਦੇ। ਜਿਵੇਂ ਆਪ ਔਗਣਹਾਰੀ ਹੁੰਦੀ ਹੋਈ ਪਤੀ ਨੂੰ ਨਾਲਾਇਕ ਤੇ ਮੂਰਖ ਦਸਦੀ ਹੈ। ਉਸੇ ਤਰ੍ਹਾਂ ਬੇਮੁਖ ਆਪ ਭੈੜਾ ਹੁੰਦਾ ਹੋਇਆ ਗੁਰੂ ਦੇ ਦਸੇ ਰਸਤੇ ਨੂੰ ਮਾੜਾ ਦਸ ਕੇ ਉਸ ਵਲ ਪਿਠ ਕਰਨ ਦਾ ਕਾਰਨ ਦਸਦਾ ਹੈ। ਗੁਰਬਾਣੀ ਅਨੁਸਾਰ, ਗੁਰੂ ਸਾਹਿਬ ਵਲੋਂ ਮਨ੍ਹਾ ਕੀਤੀ ਸ਼ਰਾਬ ਨੂੰ ਪੀਣਾ ਗੁਰੂ ਤੋਂ ਮੂੰਹ ਫੇਰਨ ਵਾਲੀ ਗਲ ਹੈ ਜਿਸ ਬਾਰੇ ਗੁਰੂ ਸਾਹਿਬ ਆਪ ਲਿਖਦੇ ਹਨ।

*ਸਤਿਗੁਰ ਤੇ ਜੋ ਮੁਹੁ ਫੇਰੇ,*
*ਓਇ ਭ੍ਰਮਦੇ ਨਾ ਟਿਕਨਿ ॥*
*ਧਰਤਿ ਅਸਮਾਨੁ ਨਾ ਝਲਈ,*
*ਵਿਚਿ ਵਿਸਟਾ ਪਏ ਪਚੰਨਿ ॥ (233)*

ਅਤੇ ਪੰਨਾ 30 ਉਤੇ ਲਿਖਿਆ ਹੋਇਆ ਹੈ :-

*ਸਤਿਗੁਰ ਤੇ ਜੋ ਮੁਹ ਫੇਰਹਿ, ਮਥੇ ਤਿਨ ਕਾਲੇ।*
*ਅਨਦਿਨੁ ਦੁਖ ਕਮਾਵਦੇ, ਨਿਤ ਜੋਹੇ ਜਮਜਾਲੇ ॥*

ਭਾਵ-ਜਿਹੜੇ ਮਨੁਖ ਗੁਰੂ ਵਲੋਂ ਮੂੰਹ ਭਵਾਂਦੇ ਹਨ ਉਨ੍ਹਾਂ ਦੇ ਮਥੇ ਭ੍ਰਿਸ਼ਟੇ ਹੋਏ ਹਨ (ਉਨ੍ਹਾਂ ਨੂੰ ਆਪਣੇ ਅੰਦਰੋਂ ਫਿਟਕਾਰ ਹੀ ਪੈਂਦੀ ਰਹਿੰਦੀ ਹੈ) ਉਹ ਸਦਾ ਉਹੋ ਹੀ ਕਰਤੂਤਾਂ ਕਰਦੇ ਹਨ ਜਿਨ੍ਹਾਂ ਦਾ ਫਲ ਦੁਖ ਹੁੰਦਾ ਹੈ। ਹਮੇਸ਼ਾਂ ਜਮ ਦੇ ਜਾਲ (ਫਾਹੀ) ਵਿਚ ਰਹਿੰਦੇ ਹਨ ਅਤੇ ਕਦੇ ਸੁਪਨੇ ਵਿਚ ਵੀ ਸੁਖ ਨਹੀਂ ਮਾਣਦੇ। ਚਿੰਤਾ ਉਨ੍ਹਾਂ ਨੂੰ ਸਾੜਦੀ ਰਹਿੰਦੀ ਹੈ।